
ਸੰਸਾਰ ਦੇ ਦੋ ਦੀਵੇ

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖ



੧ਓ ਸਤਿਗੁਰ ਪ੍ਰਸਾਦਿ ॥

ਸੰਸਾਰ ਦੇ ਦੋ ਦੀਵੇ

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖ

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sansar de do devee
by
Giani Maan Singh Jhaur

ISBN : 81-7601-868-6
ਪਹਿਲੀ ਐਡੀਸ਼ਨ : ਅਗਸਤ 2007
ਦੂਜੀ ਐਡੀਸ਼ਨ : ਜੂਨ 2013
ਭੇਟਾ : 75-00

ਪ੍ਰਕਾਸ਼ਕ :–
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974, ਫੈਕਸ : 5017488
E-mail : csjssales@hotmail.com
: csjspurchase@yahoo.com
Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

★★★

ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖਾਂ ਦੀਆਂ ਹੋਰ ਛਪੀਆਂ ਪੁਸਤਕਾਂ

1. ਨਾਮ ਖੁਮਾਰੀ
2. ਸਿੱਖ ਧਰਮ
3. ਈਸ਼ਵਰ ਭਗਤੀ
4. ਕਲਯੁਗ ਦਾ ਪ੍ਰਭਾਵ
5. ਮਾਇਆ ਦਾ ਪ੍ਰਭਾਵ
6. ਸੱਚੀ ਕਿਰਤ
7. ਗੁਨਾਹ ਕਿਸ ਤਰ੍ਹਾਂ ਮੁਆਫ਼ ਹੋਣ ?
8. ਬੰਦਗੀ ਬਿਨਾਂ ਕੋਈ ਸੁੱਖ ਪ੍ਰਾਪਤ ਨਹੀਂ
9. ਵਾਹਿਗੁਰੂ ਨੂੰ ਕੀ ਚੰਗਾ ਲਗਦਾ ਹੈ ?
10. ਸਾਧੂ ਕਿਵੇਂ ਸੰਤ ਬਣਦਾ ਹੈ ?
11. ਗੋਬਿੰਦ ਹਮ ਐਸੇ ਅਪਰਾਧੀ
12. ਫ਼ਕੀਰਾਂ ਦਾ ਟੋਲਾ
13. ਜੁਗਤੀ ਬਿਨਾਂ ਮੁਕਤੀ ਨਹੀਂ
14. ਗੁਰੂ ਦੀ ਪ੍ਰਾਪਤੀ ਲਈ ਚਾਰ ਦੁਆਰ ਕਿਹੜੇ ਨੇ ?
15. ਸੁਖ ਦੇ ਅਸਥਾਨ
16. ਸੰਸਾਰ ਦੇ ਦੋ ਦੀਵੇ

ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਬਾਣੀ ਦਾ ਜੋ ਅਮੋਲਕ ਖਜ਼ਾਨਾ ਮਨੁੱਖ-ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ-ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ-ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ, ਲੇਖਕ ਤੇ ਕਵੀ-ਜਨ, ਸਟੀਕ-ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ-ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਗਿਆਨੀ ਮਾਨ ਸਿੰਘ ਜੀ ਝੌਰ ਗੁਰੂ-ਘਰ ਦੇ ਆਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਰਿਹਾ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ, ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤਿ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਰਿਹਾ ਹੈ। ਉਨ੍ਹਾਂ ਦਾ ਵਿਆਪਕ ਜੀਵਨ-ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫ਼ੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਉਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ-ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਨ ਲਗਦੇ ਹਨ ਤੇ ਉਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਉਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਸਿੱਖੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਸੰਸਾਰ ਦੇ ਦੋ ਦੀਵੇ' ਵਿਚ ਉਨ੍ਹਾਂ ਦੇ ਬੋਲੇ ਕੁਝ ਪ੍ਰਮੁੱਖ ਲੈਕਚਰਾਂ ਦੀਆਂ ਕੈਸਟਾਂ ਦਾ ਉਤਾਰਾ ਹੈ, ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ

ਉਨ੍ਹਾਂ ਦੇ ਅੱਠ ਲੈਕਚਰ— ਸੰਸਾਰ ਦੇ ਦੋ ਦੀਵੇ, ਧਰਤੀ ਦੀ ਪੁਕਾਰ, ਨਾਮ ਦਾ ਅਧਾਰ, ਖੋਟੀ ਸੰਗਤ ਦਾ ਕੀ ਅਸਰ ਹੈ, ਹਿਰਦੇ ਦੀ ਸੇਜ, ਸਾਗਰ ਵਿਚ ਰਿੜਕਾ, ਡਾਇਣ ਮਾਂ (ਨਿਗੁਰੇ ਪੁੱਤ ਨਾਲੋਂ ਡਾਇਣ ਮਾਂ ਚੰਗੀ), ਗੁਰੂ ਅਮਰਦਾਸ ਜੀ ਦੀ ਉਪਮਾ, ਦਰਜ ਹਨ, ਤਾਂ ਜੋ ਪ੍ਰੇਮੀ-ਜਨ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

—ਗਿਆਨੀ ਹਰਦੀਪ ਸਿੰਘ
ਨੰਦੇੜ

ਸੰਸਾਰ ਦੇ ਦੋ ਦੀਵੇ

ਗੁਰੂ ਦੀ ਪਰਮ ਸਤਿਕਾਰ ਯੋਗ ਸਾਧ-ਸੰਗਤ ਜੀ ! ਤੁਸੀਂ ਬਹੁਤ ਭਾਗਾਂ ਵਾਲੇ ਹੋ ਜੋ ਕਿ ਕੀਮਤੀ ਸਮਾਂ ਆਪਣਾ ਬਾਣੀ ਵਿਚ ਲਗਾ ਰਹੇ ਹੋ। ਕਿਉਂਕਿ ਅੱਜ ਦੀ ਕਲਯੁੱਗ ਭਰੀ ਜ਼ਿੰਦਗੀ ਵਿਚ ਕਿਸੇ ਨੂੰ ਕਿਸੇ ਨਾਲ ਗੱਲ ਕਰਨ ਦਾ ਵੀ ਸਮਾਂ ਨਹੀਂ ਹੈ। ਪਰ ਤੁਸੀਂ ਆਪਣੇ ਸਾਰੇ ਦਿਨ ਦੇ ਵਕਤ ਵਿਚੋਂ ਇਹ ਭਾਗਾਂ ਵਾਲਾ ਸਮਾਂ ਬਾਣੀ ਵਿਚ ਜੁੜ ਕੇ ਬਤੀਤ ਕਰ ਰਹੇ ਹੋ। ਪਰ ਇਹ ਸਿਰਫ਼ ਕ੍ਰਿਪਾ ਉਹਨਾਂ ਗੁਰਸਿੱਖਾਂ ਤੇ ਹੀ ਹੋ ਸਕਦੀ ਹੈ। ਜੋ ਗੁਰੂ ਦੇ ਬਹੁਤ ਕਰੀਬ ਹਨ ਤੇ ਗੁਰੂ ਉਹਨਾਂ ਦੇ ਬਹੁਤ ਕਰੀਬ ਹੈ। ਇਸੇ ਤਰ੍ਹਾਂ "ਗਿ: ਮਾਨ ਸਿੰਘ ਜੀ" ਵਿਦਵਾਨਾਂ ਦੀ ਚਤੁਰਾਈ" ਬਿਆਨ ਕਰਨ ਜਾ ਰਹੇ ਨੇ। ਔਰ ਇਹ ਦਸਣਾ ਤੇ ਸਮਝਾਉਣਾ ਚਾਹੁੰਦੇ ਨੇ ਕਿ ਚਤੁਰ ਇਨਸਾਨ ਵੀ ਇਕ ਦਿਨ ਕਿਸੇ ਮੂਰਖ ਅੱਗੇ ਹਾਰ ਹੀ ਜਾਂਦਾ ਹੈ।

"ਉਜੈਨ ਨਗਰੀ" ਇਕ ਐਸੀ ਨਗਰੀ ਹੈ, ਜਿਥੇ ਕਈ ਰਾਜਿਆਂ ਨੇ ਰਾਜ ਕੀਤਾ ਹੈ। ਇਸੇ ਤਰ੍ਹਾਂ ਰਾਜੇ ਭਰਥਰੀ ਨੇ ਰਾਜ ਕੀਤਾ ਸੀ। ਪਰ ਆਪਣੀ ਰਾਣੀ ਪਿੰਗਲਾ ਦੀ ਬੇਵਫਾਈ ਕਰਕੇ ਰਾਜ ਛੱਡ ਕੇ ਤੇ ਜੋਗੀ ਬਣਕੇ ਚਲਾ ਗਿਆ। ਔਰ ਇਸੇ ਤਰ੍ਹਾਂ ਬ੍ਰਿਕਮਾਜੀਤ ਨੇ ਵੀ ਰਾਜ ਕੀਤਾ, ਜਿਸ ਦੇ ਨਾਂ ਤੇ ਸੰਮਤ ਚਲ ਰਿਹਾ ਹੈ। ਇਹ ਰਾਜੇ ਭਰਥਰੀ ਦਾ ਛੋਟਾ ਭਰਾ ਸੀ। ਇਥੇ ਰਾਜੇ ਭੋਜ ਨੇ ਵੀ ਰਾਜ ਕੀਤਾ ਸੀ, ਜੋ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਇਹ ਨਗਰੀ ਵਿਦਿਆ ਤੇ ਅਕਲ ਦੀ ਖਾਨ ਸਮਝੀ ਜਾਂਦੀ ਸੀ। ਕਿਉਂਕਿ ਇਸ ਨਗਰੀ ਵਿਚ ਵਿਦਵਾਨਾਂ ਦੀ ਬਹੁਤ ਆਵਾਜਾਈ ਰਹਿੰਦੀ ਸੀ ਤੇ ਕਦੇ ਕਦੇ ਇਹਨਾਂ ਵਿਦਵਾਨਾਂ ਵਿਚ ਬਹਿਸ ਵੀ ਹੋ ਜਾਂਦੀ ਸੀ, ਜਿਸ ਨੂੰ ਸੁਣਨ ਵਾਸਤੇ ਆਮ ਲੋਕਾਂ ਦਾ ਇਕੱਠ ਬਣਿਆ ਰਹਿੰਦਾ ਸੀ। ਪਰ ਅੱਜ ਇਸ ਨਗਰੀ ਵਿਚ ਲੋਕਾਂ ਦੀ ਭੀੜ ਜ਼ਿਆਦਾ ਸੀ, ਕਿਉਂਕਿ ਅੱਜ ਇਥੇ ਇਕ ਮਹਾਨ ਪੰਡਿਤ ਆਇਆ ਹੋਇਆ ਹੈ, ਜੋ ਕਿ ਵਿਦਵਾਨਾਂ ਨੂੰ ਆਪਣੇ ਵਿਦਿਆ ਦੇ ਬਲ ਨਾਲ ਜਿੱਤਦਾ ਫਿਰਦਾ ਸੀ ਤੇ ਨਾਲ ਇਹ ਦਾਅਵਾ ਕਰਦਾ ਸੀ ਕਿ ਮੈਂ ਸਾਰੇ ਜਗਤ ਦੇ ਵਿਦਵਾਨਾਂ ਨੂੰ ਬਹਿਸ ਕਰਕੇ ਹਰਾ ਕੇ ਰਹਾਂਗਾ। ਔਰ ਉਸ ਨੇ ਨਾਲ ਇਹ ਸ਼ਰਤ ਵੀ ਰੱਖ ਦਿੱਤੀ ਕਿ ਬਹਿਸ ਕਰਨ ਵਿਚ ਅਗਰ ਮੈਂ ਹਾਰ ਗਿਆ ਤਾਂ ਵਿਰੋਧੀ ਵਿਦਵਾਨ ਨੂੰ ਇਹ ਹੱਕ

ਹੋਵੇਗਾ ਕਿ ਉਹ ਮੇਰੇ ਸਾਰੇ ਗ੍ਰੰਥ ਲੈ ਲਵੇ ਤੇ ਜੇ ਵਿਰੋਧੀ ਵਿਦਵਾਨ ਚਰਚਾ ਕਰਨ ਵਿਚ ਹਾਰ ਗਿਆ ਤਾਂ ਬਿਨਾਂ ਕਿਸੇ ਦਲੀਲ ਦੇ ਉਹ ਆਪਣੇ ਸਾਰੇ ਗ੍ਰੰਥ ਮੇਰੇ ਸਾਹਮਣੇ ਅਰਪਣ ਕਰ ਦੇਵੇਗਾ। ਬਾਕੀ ਦੇ ਵਿਦਵਾਨਾਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਇਹ ਬੰਦਾ ਬਹੁਤ ਚਤੁਰ ਹੈ। ਬਹਿਸ ਵਿਚ ਇਸ ਨੂੰ ਜਿੱਤਣਾ ਬੜਾ ਹੀ ਮੁਸ਼ਕਿਲ ਹੈ। ਲੇਕਿਨ ਇਕ ਜੋਤਿਸ਼ ਵਿਦਿਆ ਦੇ ਜਾਣਕਾਰ ਨੇ ਇਹ ਕਹਿ ਦਿੱਤਾ ਕਿ ਇਹ ਬਹੁਤ ਹੰਕਾਰਿਆ ਹੋਇਆ ਹੈ ਤੇ ਮੇਰੀ ਵਿਦਿਆ ਅਨੁਸਾਰ ਇਹ ਅੰਦਾਜ਼ਾ ਹੈ ਕਿ ਇਸ ਨਗਰੀ ਦੇ 'ਤੇਲੀ' ਕੋਲੋਂ ਇਸ ਨੂੰ ਹਰਾਇਆ ਜਾ ਸਕਦਾ ਹੈ। ਇਸ ਵਿਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ, ਕਿਉਂਕਿ ਵਿਦਵਾਨ ਸਿਰਫ ਵਿਦਵਾਨ ਦੀ ਗੱਲ ਦਾ ਜਵਾਬ ਹੀ ਦੇ ਸਕਦਾ ਹੈ। ਔਰ ਅਗਰ ਕਿਸੇ ਮੂਰਖ ਨਾਲ ਉਸਦਾ ਵਾਹ ਪੈ ਜਾਏ ਤਾਂ ਵਿਦਵਾਨ ਪਾਸ ਉਸਦਾ ਕੋਈ ਜਵਾਬ ਨਹੀਂ ਹੋਵੇਗਾ। ਜਿਸ ਕਰਕੇ ਵਿਦਵਾਨ ਨੂੰ ਚੁੱਪ ਹੋਣਾ ਪਏਗਾ ਤੇ ਦੁਨੀਆਂ ਦੀ ਨਜ਼ਰ ਵਿਚ ਜਿਹੜਾ ਚੁੱਪ ਕਰ ਗਿਆ, ਉਹ ਹਾਰ ਗਿਆ। ਉਸ ਜੋਤਿਸ਼ ਦੀ ਸਲਾਹ ਸਾਰੇ ਵਿਦਵਾਨਾਂ ਨੂੰ ਬੜੀ ਚੰਗੀ ਲੱਗੀ। ਉਹ ਕਹਿਣ ਲੱਗੇ ਕਿ ਅਗਰ ਬਹਿਸ ਕਰਨ ਵਿਚ ਤੇਲੀ ਹਾਰ ਜਾਏਗਾ ਤਾਂ ਤੇਲੀ ਹੀ ਹਾਰੇਗਾ, ਕੋਈ ਵਿਦਵਾਨ ਨਹੀਂ। ਔਰ ਜੇਕਰ ਤੇਲੀ ਜਿੱਤ ਗਿਆ ਤਾਂ ਫਿਰ ਉਸ ਵਿਦਵਾਨ ਦਾ ਕੁਝ ਵੀ ਨਹੀਂ ਰਹਿਣਾ। ਸਾਰੀ ਉਮਰ ਕਿਤੇ ਮੂੰਹ ਵਿਖਾਉਣ ਵਾਸਤੇ ਨਹੀਂ ਰਹੇਗਾ।

ਜਦੋਂ ਨਗਰ ਦੇ ਕੁਝ ਪੰਡਤ ਉਸ "ਗਾਂਗੇ ਤੇਲੀ" ਪਾਸ ਪਹੁੰਚੇ ਤਾਂ ਵੇਖਿਆ ਉਸ ਦੀ ਇਕ ਅੱਖ ਹੈ ਨਹੀਂ। ਪਰ ਲੋਕਾਂ ਨਾਲ ਵਾਹ ਹੋਣ ਕਰਕੇ ਇਸਦੇ ਬੋਲਚਾਲ ਦਾ ਢੰਗ ਠੀਕ ਜਾਪਿਆ। ਵਿਦਵਾਨਾਂ ਨੇ ਗਾਂਗੇ ਤੇਲੀ ਨੂੰ ਸਟੇਜ ਤੇ ਬਹਿਸ ਕਰਨ ਵਾਸਤੇ ਬੈਠਾ ਲਿਆ ਤੇ ਨਾਲ ਇਹ ਵੀ ਸਮਝਾ ਦਿੱਤਾ ਕਿ ਭਾਵੇਂ ਕੁਝ ਵੀ ਹੋ ਜਾਏ, ਤੂੰ ਉਸ ਪੰਡਿਤ ਦੇ ਸਵਾਲ ਦਾ ਕੋਈ ਨਾ ਕੋਈ ਜਵਾਬ ਦਿੰਦੇ ਰਹਿਣਾ ਹੈ। ਵਿਦਵਾਨਾਂ ਨੇ ਉਸ ਨੂੰ ਪੰਡਿਤਾਂ ਵਾਲਾ ਪਹਿਰਾਵਾ ਪਹਿਨਾ ਦਿੱਤਾ। ਔਰ ਗਾਂਗੇ ਨੇ ਕਦੀ ਪੈਰੀਂ ਜੁੱਤੀ ਨਹੀਂ ਸੀ ਪਾਈ ਹੋਈ, ਪਰ ਵਿਦਵਾਨ ਮੁਕਾਬਲੇ ਤੇ ਨੰਗੇ ਪੈਰੀਂ ਜਾਏ ਉਸ ਨੂੰ ਸੋਭਾ ਨਹੀਂ ਦਿੰਦਾ। ਇਸ ਕਰਕੇ ਵਿਦਵਾਨਾਂ ਨੇ ਉਸ ਨੂੰ ਨਵੀਂ ਜੁੱਤੀ ਵੀ ਪੁਆ ਦਿੱਤੀ। ਪਰ ਨਵੀਂ ਜੁੱਤੀ ਉਸ ਦੇ ਪੈਰਾਂ ਨੂੰ ਦੁੱਖ ਦੇਵੇ। ਲੇਕਿਨ ਗਾਂਗੇ ਤੇਲੀ ਨੇ ਜੁੱਤੀ ਇਕ ਕੱਪੜੇ ਵਿਚ ਲਪੇਟ ਕੇ ਆਪਣੀ ਬਗਲ ਵਿਚ ਰੱਖ ਲਈ। ਜਿਥੇ ਵਿਦਵਾਨ ਆਪਣੇ ਗ੍ਰੰਥ ਪੋਥੀਆਂ ਬਗਲ ਵਿਚ ਰੱਖਦੇ ਹਨ। ਉਸੇ ਤਰ੍ਹਾਂ ਉਸਨੇ ਜੁੱਤੀ ਰਖ ਲਈ ਤਾਂਕਿ ਵੇਖਣ ਵਾਲਿਆਂ ਨੂੰ ਇਹ ਲੱਗੇ ਕਿ ਉਸ ਨੇ ਆਪਣੇ ਗ੍ਰੰਥ ਬਗਲ ਵਿਚ ਰੱਖੇ ਹੋਏ ਨੇ। ਬੜੇ ਹੀ ਆਦਰ ਤੇ ਸਤਿਕਾਰ ਨਾਲ ਵਿਦਵਾਨ ਗਾਂਗੇ ਨੂੰ ਮੰਚ ਤੇ ਲੈ ਕੇ ਗਏ। ਦੋਹਾਂ ਵਿਦਵਾਨਾਂ ਦੇ ਸਬੰਧ ਵਿਚ ਕੁਝ ਕਿਹਾ ਤੇ ਚਰਚਾ ਹੋ ਗਈ ਸ਼ੁਰੂ, ਪਰ ਬਾਹਰੋਂ ਆਏ ਉਸੇ

ਵਿਦਵਾਨ ਨੇ ਗਾਂਗੇ ਤੇਲੀ ਨੂੰ ਵਿਦਵਾਨ ਸਮਝ ਕੇ ਇਹ ਕਿਹਾ ਕਿ ਜੇ ਪੰਡਿਤ ਜੀ ਰਸਨਾ ਨਾਲੋਂ ਬੋਲ ਕੇ ਚਰਚਾ ਕਰਨ ਤੋਂ ਪਹਿਲਾਂ ਹੱਥ ਦੇ ਇਸ਼ਾਰੇ ਸਮਝਣ, ਤਾਂ ਫਿਰ ਜ਼ੁਬਾਨ ਨਾਲ ਗੱਲ ਹੋਵੇਗੀ। ਅਕਸਰ ਵਿਦਵਾਨ ਇਸ਼ਾਰਿਆਂ ਨਾਲ ਗੱਲਾਂ ਕਰਦੇ ਸਨ, ਜਿਸ ਤਰ੍ਹਾਂ ਗੂੰਗੇ ਆਪਣੀ ਭਾਸ਼ਾ ਵਿਚ ਗੱਲ ਕਰਦੇ ਸਨ। ਫਿਰ ਉਹਨਾਂ ਦੋਹਾਂ ਦੀ ਬਹਿਸ ਸ਼ੁਰੂ ਹੋ ਗਈ। ਉਸ ਵਿਦਵਾਨ ਪੰਡਿਤ ਨੇ ਇਸ਼ਾਰੇ ਵਿਚ ਇਕ ਉਂਗਲੀ ਖੜੀ ਕੀਤੀ, ਜਿਸਦਾ ਇਹ ਭਾਵ ਸੀ ਕਿ-

"ਪਰਮਾਤਮਾ ਇਕ ਹੈ"

ਪਰ ਗਾਂਗੇ ਨੇ ਆਪਣੀ ਅਨਪੜ੍ਹਤਾ ਅਨੁਸਾਰ ਕੁਝ ਹੋਰ ਹੀ ਸਮਝਣਾ ਸੀ। ਉਸ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਕਿ ਤੇਰੀ ਸਿਰਫ਼ ਇਕ ਅੱਖ ਹੈ। ਔਰ ਆਪਣੀ ਇਸ ਉਂਗਲੀ ਨਾਲ ਮੈਂ ਇਹ ਵੀ ਕੱਢ ਦਿਆਂਗਾ। ਪਰ ਗਾਂਗੇ ਨੇ ਇਸ ਦੇ ਉੱਤਰ ਵਿਚ ਦੋ ਉਂਗਲੀਆਂ ਖੜੀਆਂ ਕਰ ਦਿੱਤੀਆਂ ਕਿ ਭਾਵ ਜੇਕਰ ਤੂੰ ਮੇਰੀ ਇਕ ਅੱਖ ਕਢੇਂਗਾ ਤਾਂ ਮੈਂ ਤੇਰੀਆਂ ਦੋਵੇਂ ਹੀ ਅੱਖਾਂ ਕੱਢ ਦੇਵਾਂਗਾ। ਪਰ ਪੰਡਿਤ ਆਪਣੇ ਗਿਆਨ ਮੁਤਾਬਿਕ ਸਮਝਿਆ ਕਿ ਇਹ ਕਹਿ ਰਿਹਾ ਹੈ ਕਿ ਪ੍ਰਮਾਤਮਾ ਤਾਂ ਇਕ ਹੈ, ਪਰ ਇਸਦੇ ਦੋ ਰੂਪ ਹਨ-

"ਨਿਰਗੁਣ ਤੇ ਸਰਗੁਣ"

ਪੰਡਿਤ ਜੀ ਸਮਝ ਗਏ ਕਿ ਬੰਦਾ ਬੜਾ ਸਮਝਦਾਰ ਹੈ। ਸੋ ਕਦੇ ਕਦੇ ਕਿਸੇ ਦੀ ਮੂਰਖਤਾ, ਕਿਸੇ ਦੀ ਅਨਪੜ੍ਹਤਾ ਵੀ ਬੜੀ ਕੰਮ ਆਉਂਦੀ ਹੈ। ਜਿਸ ਤਰ੍ਹਾਂ ਗਾਂਗੇ ਤੇਲੀ ਅਨਪੜ੍ਹ ਹੁੰਦਿਆਂ ਹੋਇਆਂ ਵੀ ਸਾਰੇ ਲੋਕਾਂ ਵਿਚ ਸਿਆਣਾ ਨਜ਼ਰ ਆ ਰਿਹਾ ਸੀ।

ਫਿਰ ਪੰਡਿਤ ਜੀ ਨੇ ਹੱਥ ਦੇ ਇਸ਼ਾਰੇ ਨਾਲ ਦੂਸਰਾ ਸਵਾਲ ਪੁੱਛਿਆ ਕਿ ਪੰਜ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ। ਪਰ ਗਾਂਗੇ ਨੇ ਸਮਝਿਆ ਕਿ ਇਹ ਕਹਿ ਰਹੇ ਹਨ ਕਿ ਮੈਂ ਤੇਰੇ ਮੂੰਹ ਤੇ ਥੱਪੜ ਮਾਰਾਂਗਾ। ਇਸ ਦੇ ਜਵਾਬ ਵਿਚ ਗਾਂਗੇ ਨੇ ਆਪਣੇ ਹੱਥ ਦੀ ਮੁੱਠ ਬੰਦ ਕਰ ਲਈ। ਅਰਥਾਤ ਜੇਕਰ ਤੂੰ ਮੈਨੂੰ ਥੱਪੜ ਮਾਰੇਂਗਾ ਤਾਂ ਮੈਂ ਤੈਨੂੰ ਮੁੱਕੀ ਮਾਰਾਂਗਾ। ਪਰ ਪੰਡਤ ਜੀ ਨੇ ਆਪਣੇ ਗਿਆਨ ਮੁਤਾਬਿਕ ਇਹ ਸਮਝਿਆ ਕਿ ਇਹ ਕਹਿ ਰਹੇ ਹਨ ਕਿ ਪੰਜਾਂ ਕਾਮ ਆਦਿਕਾਂ ਨੂੰ ਜਿੱਤਿਆ, ਪਵਿੱਤਰ ਕੀਤਿਆਂ ਪ੍ਰਮਾਤਮਾ ਮਿਲਦਾ ਹੈ। ਪੰਡਿਤ ਜੀ ਨੇ ਗਾਂਗੇ ਨੂੰ ਚਰਚਾ ਕਰਨ ਦੇ ਯੋਗ ਸਮਝਿਆ ਤੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਪੁੱਛਿਆ ਕਿ ਕਿਸ ਸ਼ਾਸਤਰ ਦੇ ਅਧਾਰ ਤੇ ਬਹਿਸ ਕੀਤੀ ਜਾਏ। ਔਰ ਇਹ ਵੀ ਪੁੱਛ ਲਿਆ ਕਿ ਤੁਹਾਡੇ ਕੋਲ ਕਿਹੜਾ ਗ੍ਰੰਥ ਹੈ ? ਪਰ ਗਾਂਗਾ ਵਿਚਾਰਾ ਸ਼ੂਦਰ, ਉਸ ਨੂੰ ਕੀ ਪਤਾ ਕਿ ਗ੍ਰੰਥ ਕੀ ਹੁੰਦੇ

ਹਨ। ਉਸ ਨੂੰ ਤਾਂ ਕੇਵਲ ਇਹੋ ਪਤਾ ਹੈ ਕਿ ਖਲ ਵਿਚੋਂ ਤੇਲ ਪੂਰਾ ਬਾਹਰ ਆ ਗਿਆ ਹੈ ਕਿ ਨਹੀਂ। ਪਰ ਉਸ ਨੂੰ ਇਹ ਗੱਲ ਯਾਦ ਸੀ ਕਿ ਵਿਦਵਾਨਾਂ ਨੇ ਕਿਹਾ ਸੀ ਕਿ ਭਾਵੇਂ ਤੈਨੂੰ ਕੁਝ ਵੀ ਨਾ ਆਉਂਦਾ ਹੋਵੇ, ਪਰ ਕੁਝ ਨਾ ਕੁਝ ਤੂੰ ਇਸ ਦਾ ਜਵਾਬ ਜ਼ਰੂਰ ਦੇ ਦੇਵੀਂ। ਉਸ ਨੇ ਜਲਦੀ ਨਾਲ ਕਿਹਾ ਕਿ ਮੇਰੇ ਕੋਲ ਜੋ ਇਸ ਕੱਪੜੇ ਵਿਚ ਪੁਰਾਨ ਲਬੇਟਿਆ ਹੋਇਆ ਹੈ, ਇਸਦਾ ਨਾਂ ਹੈ "ਕੰਟਕ ਚੂਰਨ" ਪੁਰਾਨ। ਭਾਵ ਇਹ ਸੀ ਕਿ ਕੰਡਿਆਂ ਨੂੰ ਚੂਰ ਕਰਨ ਵਾਲਾ ਪੁਰਾਨ "ਜੁੱਤੀ" ਹੈ। ਔਰ ਨਾਲ ਇਹ ਵੀ ਕਹਿ ਦਿੱਤਾ ਕਿ ਜੇਕਰ ਤੁਸੀਂ ਨਹੀਂ ਪੜ੍ਹਿਆ ਹੈ ਤਾਂ ਸਭ ਤੋਂ ਪਹਿਲਾਂ ਪੜ੍ਹ ਕੇ ਆਉ। ਪਰ ਪੰਡਿਤ ਜੀ ਕਹਿਣ ਲੱਗੇ ਕਿ ਮੈਂ ਤਾਂ ਇਸ ਗ੍ਰੰਥ ਦਾ ਨਾਮ ਹੀ ਪਹਿਲੀ ਵਾਰੀ ਸੁਣਿਆ ਹੈ ਤੇ ਤੁਸੀਂ ਕਹਿੰਦੇ ਹੋ ਇਸ ਨੂੰ ਪੜ੍ਹ ਕੇ ਆਉ। ਸੋ ਮੈਂ ਇਸ ਨੂੰ ਪੜ੍ਹਨ ਵਾਸਤੇ ਥੋੜਾ ਸਮਾਂ ਚਾਹੁੰਦਾ ਹਾਂ। ਇਹ ਸੁਣ ਕੇ ਵਿਰੋਧੀ ਵਿਦਵਾਨਾਂ ਨੇ ਉਸ ਪੰਡਿਤ ਦਾ ਬੜਾ ਮਜ਼ਾਕ ਉਡਾਇਆ। ਔਰ ਜਦੋਂ ਪੰਡਿਤ ਨੂੰ ਇਹ ਪਤਾ ਲੱਗਾ ਕਿ ਇਹ ਸਭ ਮੇਰਾ ਮਜ਼ਾਕ ਉਡਾ ਰਹੇ ਹਨ। ਕਿਉਂਕਿ ਵਿਰੋਧੀ ਕੋਈ ਵਿਦਵਾਨ ਨਹੀਂ ਸੀ, ਸਗੋਂ ਉਸੇ ਹੀ ਨਗਰੀ ਦਾ ਤੇਲੀ ਸੀ, ਤਾਂ ਪੰਡਿਤ ਨੂੰ ਬੜਾ ਹੀ ਕ੍ਰੋਧ ਤੇ ਗੁੱਸਾ ਆਇਆ। ਕਿਉਂਕਿ ਇਸ ਤੇਲੀ ਨੇ ਆਪਣੀ ਅਨਪੜ੍ਹਤਾ ਨਾਲ ਆਪਣੀ ਅਗਿਆਨਤਾ ਨਾਲ, ਆਪਣੀ ਬੇਸਮਝੀ ਨਾਲ ਉਸ ਦੇ ਗਿਆਨ ਦਾ ਕੌਡੀ ਵੀ ਮੁੱਲ ਨਹੀਂ ਰਹਿਣ ਦਿੱਤਾ। ਇਹ ਕਿਵੇਂ ਹੋਇਆ ?

ਗਿ: ਮਾਨ ਸਿੰਘ ਜੀ ਦਸਦੇ ਹਨ ਕਿ ਇਹ ਪੰਡਿਤ ਦੀ ਨਾਸਮਝੀ ਕਰਕੇ ਹੋਇਆ। ਕਿਉਂਕਿ ਉਹ ਇਹ ਗੱਲ ਭੁੱਲ ਗਿਆ ਸੀ ਕਿ ਹਰ ਇਕ ਚੀਜ਼ ਦੇ ਤੇ ਜ਼ਿੰਦਗੀ ਦੇ ਵੀ ਦੋ ਹੀ ਪਹਿਲੂ ਹੁੰਦੇ ਹਨ।

ਗੋਸਟਿ ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ।
ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ।
ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਿਲਾਇ ਅਲੇਖੈ।
ਪੈਰੀਂ ਪੈ ਉਠਿ ਚਲਿਆ ਪੰਡਿਤੁ ਹਾਰਿ ਭੁਲਾਵੈ ਭੇਖੈ।
ਨਿਰਗੁਣ ਸਰਗੁਣ ਅੰਗ ਦੁਇ ਪਰਮੇਸਰੁ ਪੰਜਿ ਮਿਲਨਿ ਸਰੇਖੈ।
ਅਖੀਂ ਦੋਵੈਂ ਭੰਨਸਾਂ ਮੁਕੀ ਲਾਇ ਹਿਲਾਇ ਨਿਮੇਖੈ।
ਮੂਰਖ ਪੰਡਿਤੁ ਸੁਰਤਿ ਵਿਸੇਖੈ॥

(ਵਾਰ ਭਾਈ ਗੁਰਦਾਸ ਜੀ, ੩੨-੧੮)

ਸੋ ਸਾਧ ਸੰਗਤ ਜੀ ! ਇਸ ਤੋਂ ਇਹੋ ਪਤਾ ਚਲਦਾ ਹੈ ਕਿ ਹਰ ਇਕ ਚੀਜ਼ ਦੇ ਰੂਪ ਦੋ ਹਨ। ਸਮਝ ਕੀ ਹੈ ਤੇ ਬੇਸਮਝੀ ਕੀ ਹੈ ? ਸਮਝ ਉਹ ਹੈ ਜੋ ਵਿਦਵਾਨ ਪੰਡਿਤ ਕੋਲ ਸੀ ਤੇ ਬੇਸਮਝੀ ਉਹ ਹੈ ਜੋ ਗਾਂਗੇ ਤੇਲੀ ਦੇ ਕੋਲ ਸੀ। ਇਸੇ ਹੀ ਤਰ੍ਹਾਂ 'ਗਿਆਨ' ਪੰਡਿਤ ਕੋਲ ਸੀ ਤੇ 'ਅਗਿਆਨਤਾ' ਗਾਂਗੇ ਦੇ ਕੋਲ ਸੀ। ਸੋ ਕਹਿਣ ਤੋਂ ਇਹੀ ਭਾਵ ਨਿਕਲਦਾ ਹੈ ਕਿ ਕਦੇ-ਕਦੇ ਗਿਆਨ ਨੂੰ ਵੀ ਅਗਿਆਨਤਾ ਦਾ ਸਹਾਰਾ ਲੈਣਾ ਪੈਂਦਾ ਹੈ। ਕਿਉਂਕਿ ਜੇਕਰ ਦੁਨੀਆਂ ਵਿਚ ਅਗਿਆਨਤਾ ਨਹੀਂ ਹੋਵੇਗੀ ਤਾਂ ਗਿਆਨ ਦੀਆਂ ਗੱਲਾਂ ਦਾ ਕਿਸੇ ਤੇ ਵੀ ਅਸਰ ਨਹੀਂ ਹੋਵੇਗਾ। ਗਿਆਨ ਦੀ ਕੋਈ ਵੀ ਇੱਜ਼ਤ ਨਹੀਂ ਕਰੇਗਾ। ਇਸ ਲਈ ਗਿਆਨ ਦੀ ਮਹੱਤਤਾ ਤਾਂ ਹੀ ਹੋ ਸਕਦੀ ਹੈ ਜੇਕਰ ਅਗਿਆਨਤਾ ਵੀ ਉਸ ਕੋਲ ਹੋਵੇ ਤਾਂ ਹੀ ਉਹ ਦੋਨਾਂ ਵਿਚੋਂ ਕਿਸੇ ਇਕ ਚੀਜ਼ ਦੀ ਸਹੀ ਪਰਖ ਦਸ ਸਕਦਾ ਹੈ। ਇਸੇ ਲਈ ਤਾਂ ਕਿਹਾ ਗਿਆ ਹੈ—

"ਅਛਾ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ,
ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ ਦੇ।

ਇਸ ਦੇ ਇਹ ਅਰਥ ਹਨ ਕਿ ਪੰਡਿਤ ਦੀਆਂ ਹਰੇਕ ਤਰ੍ਹਾਂ ਦੀਆਂ ਗੱਲਾਂ ਦਾ ਜਵਾਬ ਗਾਂਗਾ ਤੇਲੀ ਦੇਈ ਜਾ ਰਿਹਾ ਸੀ। ਕਿਉਂਕਿ ਉਸ ਦੇ ਕੋਲ "ਅਗਿਆਨਤਾ" ਦਾ ਬਹੁਤ ਭੰਡਾਰ ਸੀ। ਪਰ ਤੇਲੀ ਦੀਆਂ ਗੱਲਾਂ ਦਾ ਉਸ ਦੇ ਕੋਲ ਕੋਈ ਵੀ ਜਵਾਬ ਨਹੀਂ ਸੀ। ਕਿਉਂਕਿ ਉਸ ਦੇ ਕੋਲ ਜੋ ਗਿਆਨ ਸੀ, ਉਸ ਦੇ ਦਾਇਰੇ ਵਿਚ ਉਸ ਤੇਲੀ ਦੇ ਕਹੇ ਹੋਏ ਪ੍ਰਸ਼ਨਾਂ ਦਾ ਕੋਈ ਵੀ ਜਵਾਬ ਨਹੀਂ ਸੀ। ਔਰ "ਅਗਿਆਨਤਾ" ਦਾ ਦਾਇਰਾ ਬਹੁਤ ਹੀ ਵੱਡਾ ਹੈ। ਇਹ ਕਦੇ ਖ਼ਤਮ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਮਝ ਵੀ ਬੇਸਮਝੀ ਦਾ ਮੁਕਾਬਲਾ ਨਹੀਂ ਕਰ ਸਕਦੀ। ਕਿਉਂਕਿ ਪੰਡਿਤ ਕੇਵਲ ਉਸ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ, ਜੋ ਉਸ ਨੇ ਪੜ੍ਹਿਆ ਹੈ ਤੇ ਸਮਝਿਆ ਹੈ। ਔਰ ਜੋ ਬੇਸਮਝ ਹੈ, ਉਹ ਕਿਸੇ ਵੀ ਚੀਜ਼ ਦਾ ਉੱਤਰ ਦੇ ਸਕਦਾ ਹੈ। ਕਿਉਂਕਿ ਉਸ ਕੋਲ ਅਗਿਆਨ ਦਾ ਭੰਡਾਰ ਬਹੁਤ ਜ਼ਿਆਦਾ ਹੈ।

ਪੰਡਿਤ ਜਿਨ੍ਹਾਂ ਨੂੰ ਬੇਸਮਝ ਤੇ ਅਨਪੜ੍ਹ ਸਮਝਦੇ ਹਨ ਆਪਣੇ ਗਿਆਨ ਕਾਰਨ। ਉਹ ਰੱਬ ਦੀਆਂ ਗੱਲਾਂ ਭਾਵੇਂ ਘੱਟ ਕਰਨ, ਪਰ ਉਹ ਰੱਬ ਨੂੰ ਜਾਣਦੇ ਜ਼ਰੂਰ ਹਨ। ਉਹ ਦੂਸਰਿਆਂ ਨੂੰ ਬੇਸ਼ਕ ਕੁਝ ਸਮਝਾ ਨਹੀਂ ਸਕਦੇ। ਪਰ ਵਿਖਾ ਜ਼ਰੂਰ ਸਕਦੇ ਹਨ। "ਗੁਰੂ ਗ੍ਰੰਥ ਸਾਹਿਬ ਜੀ" ਵਿਚ ਵੀ ਲਿਖਿਆ ਹੈ,

"ਪੰਡਿਤੁ ਹੋਇ ਕੈ ਬੇਦੁ ਬਖਾਨੈ॥

ਮੂਰਖੁ ਨਾਮਦੇਉ ਰਾਮਹਿ ਜਾਨੈ॥

(ਅੰਗ ੭੧੮)

ਇਨ੍ਹਾਂ ਪੰਕਤੀਆਂ ਦੇ ਅਰਥ ਹਨ ਕਿ ਪੰਡਿਤ ਮਨ ਬਾਰੇ ਵਿਚਾਰ ਦੇ ਸਕਦਾ ਹੈ, ਪਰ ਮਨ ਤੇ ਕਾਬੂ ਨਹੀਂ ਪਾ ਸਕਦਾ। ਪਰ ਕਬੀਰ ਜੀ ਕਹਿੰਦੇ ਹਨ ਕਿ ਹੇ ਪੰਡਿਤ !

ਤੇਰਾ ਮਨ ਕੀ ਹੈ, ਇਸਦੇ ਵਿਚਾਰ ਕੀ ਹਨ ? ਜੋ ਕਿ ਮਨ ਤੇ ਕਾਬੂ ਨਹੀਂ ਪਾ ਸਕਦੇ। ਪਰ ਮੈਂ ਤਾਂ ਉਸ ਦੀ ਅਸਵਾਰੀ ਕਰ ਰਿਹਾ ਹਾਂ, ਜਿਸ ਮਨ ਦੇ ਬਾਰੇ ਤੇਰੇ ਵੇਦਾਂ ਵਿਚ ਵੀਚਾਰ ਹਨ। ਔਰ ਫਿਰ ਉਹਨਾਂ ਵਿਚਾਰਾਂ ਦੇ ਜਾਲ ਨਾਲੋਂ ਉਹ ਬੰਦਾ ਸੌਖਾ ਹੈ, ਭਲਾ ਹੈ, ਚੰਗਾ ਹੈ। ਜੋ ਮਨ ਤੇ ਅਸਵਾਰੀ ਕਰਨੀ ਜਾਣਦਾ ਹੈ।

"ਕਹਤ ਕਬੀਰ ਭਲੇ ਅਸਵਾਰਾ॥
ਬੇਦ ਕਤੇਬ ਤੇ ਰਹਹਿ ਨਿਰਾਰਾ॥

(ਅੰਗ ੩੨੯)

"ਭਾਈ ਗੁਰਦਾਸ ਜੀ" ਦਾ ਵੀ ਇਹ ਕਹਿਣਾ ਹੈ ਕਿ ਕਈ ਵਾਰ ਵਿਦਵਾਨ ਵਿਦਿਆ ਦੇ ਬੋਝ ਥੱਲੇ ਇੰਨਾ ਦਬਿਆ ਜਾਂਦਾ ਹੈ ਕਿ ਉਸ ਨੂੰ ਵਿਵਹਾਰਕ ਜੀਵਨ ਵਿਚ ਤੇ ਸਮਾਜਿਕ ਜੀਵਨ ਵਿਚ ਬਾਰ-ਬਾਰ ਹਾਰਨਾ ਪੈਂਦਾ ਹੈ। ਕਿਉਂਕਿ ਦੁਨੀਆਂ ਵਿਚ ਅਗਿਆਨਤਾ ਦਾ ਅਸਫਲਤਾ ਦਾ, ਬੇਸਮਝੀ ਦਾ ਭੰਡਾਰ ਇੰਨਾ ਕੁ ਜ਼ਿਆਦਾ ਹੈ ਜੋ ਕਿ ਗਿਆਨਵਾਨ ਵਿਅਕਤੀ ਉੱਤੇ ਆਪਣਾ ਕਾਬੂ ਪਾ ਲੈਂਦਾ ਹੈ। ਕਿਉਂਕਿ ਜਿਸ ਵੀ ਗਿਆਨੀ ਵਿਅਕਤੀ ਕੋਲ ਗਿਆਨ ਹੈ। ਉਥੋਂ ਤੱਕ ਹੀ ਸੀਮਤ ਹੈ, ਜੋ ਉਸ ਨੇ ਪੜ੍ਹਿਆ ਹੈ ਤੇ ਸਮਝਿਆ। ਪਰ ਅਗਿਆਨਤਾ ਕਿਸੇ ਵੀ ਹੱਦ ਤੱਕ ਸੀਮਿਤ ਨਹੀਂ ਹੈ। ਇਹ ਦੂਰ-ਦੂਰ ਤੱਕ ਫੈਲੀ ਹੋਈ ਹੈ।

ਸੋ ਗਿਆਨੀ ਜੀ ਸਾਨੂੰ ਇਹੋ ਸਮਝਾਉਣਾ ਚਾਹੁੰਦੇ ਹਨ ਕਿ ਇਸ ਸੰਸਾਰ ਵਿਚ ਦੋਵੇਂ ਹੀ ਚੀਜ਼ਾਂ ਸਾਨੂੰ ਚਾਹੀਦੀਆਂ ਹਨ। ਇਹ "ਸਮਝ ਤੇ ਬੇਸਮਝ" "ਗਿਆਨ ਤੇ ਅਗਿਆਨਤਾ" ਸੰਸਾਰ ਦੇ ਦੋ ਦੀਵੇ ਹਨ। ਦੋਵੇਂ ਹੀ ਇਕ-ਦੂਜੇ ਤੋਂ ਬਿਨਾਂ ਅਧੂਰੇ ਹਨ। ਔਰ ਅਗਰ ਇਹ ਦੋਵੇਂ ਦੀਵੇ ਰਲ ਕੇ ਚਲਣ ਤੇ ਦੋਹਾਂ ਦਾ ਸੰਗਮ ਹੋ ਜਾਵੇ ਤਾਂ ਬੜਾ ਪਿਆਰਾ ਤੇ ਨਿਰਾਲਾ 'ਮਨੁੱਖ' ਪੈਦਾ ਹੋ ਸਕਦਾ ਹੈ। ਔਰ ਅਗਰ ਇਨ੍ਹਾਂ ਦੋਨਾਂ ਦੀਵਿਆਂ ਨੂੰ ਦੁਨੀਆਂ ਦੇ ਸਾਹਮਣੇ ਰਖਿਆ ਜਾਏ ਤਾਂ ਇਹ ਇਕ-ਦੂਜੇ ਦਾ ਅੰਧੇਰਾ ਦੂਰ ਕਰ ਸਕਦੇ ਨੇ।

ਇਸੇ ਤਰ੍ਹਾਂ ਜੋ ਤੇਲੀ ਗਾਂਗਾ ਹੈ, ਉਸ ਦਾ ਜੋੜਾ ਵੀ ਬਹੁਤ ਕੀਮਤੀ ਹੈ। ਪਰ ਪੰਡਿਤ ਦਾ ਪੁਰਾਣ ਵੀ ਬਹੁਤ ਕੀਮਤੀ ਹੈ। ਕਿਉਂਕਿ ਜੋੜੇ ਨਾਲ ਪੈਰਾਂ ਨੇ ਚਲਣਾ ਹੈ ਤੇ ਸ਼ਾਸਤਰ

ਨਾਲ ਸਿਰ ਨੇ ਚਲਣਾ ਹੈ। ਪਰ ਇਸਦੀ ਵਰਤੋਂ ਦੋਵੇਂ ਹੀ ਗਲਤ ਕਰ ਰਹੇ ਹਨ। ਇਕ ਜੋੜੇ ਨੂੰ ਸ਼ਾਸਤਰ ਦੀ ਥਾਂ ਤੇ ਵਰਤ ਰਿਹਾ ਹੈ ਤੇ ਦੂਜਾ ਸ਼ਾਸਤਰ ਨੂੰ ਜੋੜਿਆਂ ਦੀ ਥਾਂ ਤੇ ਵਰਤ ਰਿਹਾ ਹੈ। ਪਰ ਜੇਕਰ ਪੰਡਿਤ ਪੋਥੀ ਨਾਲ ਸਿਰਫ ਰੋਟੀ ਹੀ ਪੂਰੀ ਕਰ ਰਿਹਾ ਹੈ ਤਾਂ ਸਤ ਪੁਰਸ਼ਾਂ ਨੇ ਸੱਚ ਹੀ ਕਿਹਾ ਹੈ ਕਿ ਤੂੰ ਉਸ ਘੁਮਿਆਰ ਵਰਗਾ ਹੈਂ, ਜਿਹੜਾ ਖੋਤੀ ਤੇ ਭਾਰ ਢੋਅ ਕੇ ਰੋਟੀ ਪੂਰੀ ਕਰ ਰਿਹਾ ਹੈ। ਇਸੇ ਲਈ ਤਾਂ ਗ੍ਰੰਥਾਂ ਵਿਚ ਲਿਖਿਆ ਗਿਆ ਹੈ।

ਕਿਸੇ ਵਾਹੀਆਂ ਪੋਥੀਆਂ, ਕਿਸੇ ਵਾਹੀਆਂ ਖੋਤੀਆਂ।

ਅਸਲ ਵਿਚ ਬੇਸਮਝੀ ਬੀਜ ਹੈ ਸਮਝਦਾਰੀ ਦਾ। ਔਰ ਜੇ ਬੰਦਾ ਅਗਿਆਨੀ ਨਾ ਹੁੰਦਾ ਤਾਂ ਦੁਨੀਆਂ ਦੇ ਗਿਆਨੀ ਕਦੋਂ ਦੇ ਬੇਕਾਰ ਹੋ ਗਏ ਹੁੰਦੇ। ਇਹ ਸੱਚ ਹੈ ਕਿ ਗਾਂਗੇ ਤੇਲੀ ਦੇ ਆਸਰੇ ਹੀ ਪੰਡਤ ਦੀਆਂ ਪੋਥੀਆਂ ਹਨ। ਕਿਉਂਕਿ ਤੇਲੀ ਅਗਿਆਨਤਾ ਨਾਲ ਘਿਰਿਆ ਹੋਇਆ ਹੈ ਤੇ ਉਸ ਦੀ ਇਸ ਅਗਿਆਨਤਾ ਨੂੰ ਦੂਰ ਕਰਨ ਵਾਸਤੇ ਪੰਡਿਤ ਦਾ ਗਿਆਨ ਹੀ ਕੰਮ ਆਉਣਾ ਹੈ।

ਗਿਆਨੀ ਜੀ ਇਕ ਹੋਰ ਉਦਾਹਰਣ ਦੇ ਕੇ ਸਮਝਾ ਰਹੇ ਨੇ ਕਿ ਜਾਨਵਰ ਜਿਸ ਤਰ੍ਹਾਂ ਸਤਿਯੁੱਗ ਵਿਚ ਭੌਂਕਦਾ ਸੀ, ਅੱਜ ਵੀ ਉਸੇ ਹੀ ਤਰ੍ਹਾਂ ਭੌਂਕਦਾ ਹੈ। ਜਾਨਵਰ ਤੇ ਨਾ ਹੀ ਸਮੇਂ ਦਾ ਨਾ ਹੀ ਦੇਸ਼ ਦਾ ਤੇ ਨਾ ਹੀ ਭਾਸ਼ਾ ਦਾ ਅਸਰ ਹੁੰਦਾ ਹੈ। ਜਾਪਾਨ, ਇੰਡੀਆ, ਨੇਪਾਲ, ਮਲੇਸ਼ੀਆ, ਸਿੰਘਾਪੁਰ, ਇੰਗਲੈਂਡ, ਅਮਰੀਕਾ ਤੇ ਕੈਨੇਡਾ ਦੇ ਜਾਨਵਰਾਂ ਦੀਆਂ ਆਵਾਜ਼ਾਂ ਸੁਣੀਆਂ ਹਨ। ਸਾਰਿਆਂ ਦੀ ਭੌਂਕਣ ਦੀ, ਚਹਿਕਣ ਦੀ ਆਵਾਜ਼ ਇਕੋ ਜਿਹੀ ਹੈ। ਇਹ ਨਹੀਂ ਕਿ ਭਾਰਤ ਦੇ ਕੁੱਤੇ ਹਿੰਦੀ ਵਿਚ ਭੌਂਕਦੇ ਹਨ ਤੇ ਇੰਗਲੈਂਡ ਦੇ ਕੁੱਤੇ ਅੰਗਰੇਜ਼ੀ ਵਿਚ ਭੌਂਕਦੇ ਹਨ। ਕਾਂ ਵੀ ਹਰ ਦੇਸ਼ਾਂ ਵਿਚ ਕਾਂ-ਕਾਂ ਹੀ ਕਰਦਾ ਹੈ। ਇਸੇ ਤਰ੍ਹਾਂ ਬੰਦੇ ਹੀ ਬੇਸਮਝੀ ਨੂੰ ਵੀ ਬਦਲਿਆ ਨਹੀਂ ਜਾ ਸਕਦਾ। ਕਿਉਂਕਿ ਬੰਦੇ ਦੀ ਬੇਸਮਝੀ ਵਿਚ ਵੀ ਪ੍ਰਮਾਤਮਾ ਨੇ ਸਮਝਦਾਰੀ ਰੱਖੀ ਹੁੰਦੀ ਹੈ। ਬਾਣੀ ਵਿਚ ਇਸੇ ਲਈ ਕਿਹਾ ਹੈ—

"ਨਾ ਕੋ ਮੂਰਖੁ ਨਾ ਕੋ ਸਿਆਣਾ॥
ਵਰਤੈ ਸਭ ਕਿਛੁ ਤੇਰਾ ਭਾਣਾ॥

(ਅੰਗ ੯੮)

ਭਾਵ ਕਿ ਜਿਸ ਨੂੰ ਅਸੀਂ ਅਨਪੜ੍ਹ ਤੇ ਬੇਸਮਝ ਕਹਿੰਦੇ ਹਾਂ, ਉਸ ਦੇ ਪਾਸ ਆਪਣੇ ਜ਼ਿਆਦਾ ਲਫਜ਼ ਤੇ ਨਹੀਂ ਹੁੰਦੇ। ਪਰ ਉਹ ਦੂਜਿਆਂ ਦੇ ਗੁਣ ਛੇਤੀ ਹੀ ਗ੍ਰਹਿਣ ਕਰ ਲੈਂਦੇ ਹੈ। ਪਰ ਉਸ ਨੂੰ ਇਕ ਚੀਜ਼ ਦੀ ਮੁਸ਼ਕਿਲ ਜ਼ਰੂਰ ਹੁੰਦੀ ਹੈ ਕਿ ਉਹ ਦੂਸਰਿਆਂ ਨੂੰ ਕੋਈ ਵੀ

ਚੀਜ਼ ਨਹੀਂ ਸਮਝਾ ਸਕਦਾ। ਕਿਉਂਕਿ ਦੂਸਰੇ ਨੂੰ ਸਮਝਾਉਣ ਲਈ ਜੋ ਗਿਆਨ, ਜੋ ਵਿਦਿਆ ਉਸ ਨੂੰ ਚਾਹੀਦੀ ਹੈ, ਉਹ ਉਸ ਪਾਸ ਨਹੀਂ ਹੈ।

ਸੋ ਗਿਆਨ ਤੇ ਅਗਿਆਨ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ, ਰੌਸ਼ਨੀ ਹੈ ਤੇ ਕੰਮ ਵੀ ਇਕੋ ਹੀ ਹੈ। ਸੋ ਜਿਥੋਂ ਤਾਰੇ ਨੂੰ ਚਮਕ ਮਿਲੀ ਹੈ, ਉਸੇ ਤਰ੍ਹਾਂ ਰਾਤ ਨੂੰ ਵੀ ਅੰਧੇਰਾ ਉਸੇ ਪ੍ਰਮਾਤਮਾ ਕੋਲੋਂ ਹੀ ਮਿਲਿਆ ਹੈ।

"ਵਹੀਂ ਸੇ ਰਾਤ ਕੋ ਜ਼ੁਲਮਤ ਮਿਲੀ ਹੈ,
ਚਮਕ ਤਾਰੇ ਨੇ ਪਾਈ ਜਹਾਂ ਸੇ।"
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

(ਜਪੁ ਜੀ ਸਾਹਿਬ)

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥

(ਬਾਰਹਾ ਮਾਹਾ)

ਇਨ੍ਹਾਂ ਪੰਕਤੀਆਂ ਤੋਂ ਇਹ ਭਾਵ ਹੈ ਕਿ ਮਨੁੱਖੀ ਤਨ "ਕਰਮ ਜੋਨੀ" ਹੈ ਤੇ ਪਸ਼ੂ ਜੂਨ" ਭੋਗ ਜੋਨੀ" ਹੈ। ਔਰ ਕਰਮ ਕਰਕੇ ਹੀ ਮਨੁੱਖ ਈਸ਼ਵਰ ਦੇ ਨੇੜੇ ਹੈ ਤੇ ਕਰਮ ਕਰਕੇ ਹੀ ਦੂਰ ਹੈ। ਕਰਮ ਉਹੀ ਪ੍ਰਫੁਲਤ ਹੁੰਦਾ ਹੈ, ਜਿਸ ਨਾਲ ਮਨੁੱਖ ਦੀ ਨੀਅਤ ਸ਼ਾਮਿਲ ਹੋਵੇ, ਭਾਵ ਕਿ ਜੋ ਕਰਮ ਮਨ ਕਰਕੇ ਕੀਤਾ ਗਿਆ ਹੋਵੇ। ਕਿਉਂਕਿ ਕਰਮ ਇਕ ਬੀਜ ਹੈ, ਨੀਅਤ ਦੀ ਧਰਤੀ ਮਿਲਦਿਆਂ ਹੀ ਪੁੰਗਰ ਪੈਂਦਾ ਹੈ।

'ਕਰਮ' ਇਕ ਐਸਾ ਤੇਲ ਭਰਿਆ ਦੀਵਾ ਹੈ, ਜੋ ਭਾਵਨਾ ਦੀ ਜੋਤ ਛੋਂਹਦਿਆਂ ਹੀ ਪ੍ਰਕਾਸ਼ਮਾਨ ਹੋ ਜਾਂਦਾ ਹੈ। ਇਹ ਇਕ ਐਸਾ ਦੀਵਾ ਹੈ, ਐਸੀ ਬੇੜੀ ਹੈ, ਜਿਸ ਨੂੰ ਚੰਗੀ ਨੀਅਤ ਦਾ ਮਲਾਹ ਮਿਲਦਿਆਂ ਪਾਰ ਲਾ ਲੈਂਦਾ ਹੈ।

ਦੇਖਣ ਵਿਚ ਤਾਂ ਇਹ ਆਇਆ ਹੈ ਕਿ ਚੰਗਾ ਬੀਜ ਤਾਂ ਕਈਆਂ ਦੇ ਕੋਲ ਹੁੰਦਾ ਹੈ। ਪਰ ਚੰਗੀ ਧਰਤੀ ਕਿਸੇ-ਕਿਸੇ ਪਾਸ ਹੁੰਦੀ ਹੈ। ਇਸ ਤਰ੍ਹਾਂ ਗੁਰੂ ਨੂੰ ਸਿੱਜਦਾ ਕਰਨਾ ਚੰਗਾ ਕਰਮ ਹੈ, ਪਰ ਜੇਕਰ ਇਨਸਾਨ ਦੀ ਨੀਅਤ ਚੰਗੀ ਨਹੀਂ ਤਾਂ ਸਿਰ ਨਿਵਾਉਣਾ ਬੇਅਰਥ ਹੋ ਜਾਂਦਾ ਹੈ। ਇਸੇ ਲਈ ਤਾਂ 'ਆਸਾ ਦੀ ਵਾਰ' ਵਿਚ ਇਹ ਪੰਕਤੀਆਂ ਵੀ ਲਿਖੀਆਂ ਗਈਆਂ ਹਨ-

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥

(ਅੰਗ ੪੭੦)

ਇਸੇ ਤਰ੍ਹਾਂ ਕੀਰਤਨ ਕਰਨਾ, ਕਥਾ ਕਰਨਾ, ਰਾਗ ਅਲਾਪਣਾ ਇੱਕ ਮਹਾਨ ਸੁੰਦਰ ਕਰਮ ਹੈ, ਪਰ ਨੀਅਤ ਚੰਗੀ ਨਹੀਂ ਤਾਂ ਇਹ ਗਾਉਣਾ ਵੀ ਕਿਸੇ ਤੁੱਲ ਨਹੀਂ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥

(ਅੰਗ ੪੫੦)

ਇਸੇ ਤਰ੍ਹਾਂ ਦਾਨੀ ਬਿਰਤੀ ਬਹੁਤ ਵੱਡੀ ਖ਼ੁਸ਼ਕਿਸਮਤੀ ਹੈ, ਪਰ ਅਗਰ ਦਾਨ ਵਿਚ ਭਾਵਨਾ ਠੀਕ ਨਹੀਂ ਤਾਂ ਇਹ ਵੀ ਵਿਅਰਥ ਹੈ

"ਸਚੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥

(ਅੰਗ ੪੬੬)

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰ॥

ਔਰ ਅਗਰ ਦਾਨ ਦੇ ਕੇ ਪਰਮੇਸ਼ਰ ਕੋਲੋਂ ਹਜ਼ਾਰਾਂ ਗੁਣਾਂ ਵੱਧ ਮੰਗ ਰੱਖਣੀ ਤਾਂ ਇਹ ਵਪਾਰ ਹੈ, ਦਾਨ ਨਹੀਂ-

ਕੋਟਿ ਮਧੇ ਕੋਈ ਵਿਰਲਾ ਸੇਵਕ ਹੋਰਿ ਸਗਲੇ ਬਿਉਹਾਰੀ॥

(ਅੰਗ ੧੩੩੫)

ਸੋ ਕਹਿਣ ਤੋਂ ਇਹ ਭਾਵ ਹੈ ਕਿ ਅਗਰ ਨੀਅਤ ਕੁਝ ਹੋਰ ਹੋਵੇ ਤੇ ਕਰਮ ਕੁਝ ਹੋਰ ਹੋਣ ਤਾਂ ਇਸ ਦਾ ਤਾਲਮੇਲ ਠੀਕ ਨਹੀਂ ਬੈਠਦਾ। "ਸ਼ੇਖ਼ ਫ਼ਰੀਦ ਜੀ" ਦਾ ਇਕ ਸਲੋਕ ਹੈ ਕਿ ਐ ਖ਼ੁਦਾ ! ਮੈਂ ਰੇਸ਼ਮੀ ਕੱਪੜੇ ਲਾ ਕੇ ਕੰਬਲੀ ਪਾ ਲੈਂਦਾ ਹਾਂ ਤੇ ਸਿਰ ਦੇ ਭਾਵ ਵੀ ਚਲਣ ਨੂੰ ਤਿਆਰ ਹਾਂ, ਪਰ ਜੇਕਰ ਤੂੰ ਮਿਲਣ ਦਾ ਵਾਅਦਾ ਕਰੇਂ। ਇਹ ਹੈ ਫ਼ਰੀਦ ਜੀ ਦੀ ਸੱਚੀ ਨੀਅਤ।

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥

(ਅੰਗ ੧੩੮੩)

ਸੋ ਇਹ ਫ਼ਰੀਦ ਜੀ ਦੀ ਆਪਣੀ ਸੱਚੀ ਲਗਨ ਸੀ। ਉਹਨਾਂ ਨੇ ਪਰਮੇਸ਼ਰ ਦੇ ਦਰਸ਼ਨ ਕਰਨ ਵਾਸਤੇ ਆਪਣਾ ਆਪ ਗੁਰੂ ਅੱਗੇ ਦਾਨ ਕੀਤਾ ਹੈ ਤੇ ਫਿਰ ਉਸ ਪ੍ਰਮਾਤਮਾ ਦੇ ਦਰਸ਼ਨ ਕਰਨ ਦੀ ਮੰਗ ਕੀਤੀ ਹੈ। ਭਾਵ ਕਿ ਉਹਨਾਂ ਦਾ ਸੱਚਾ ਦਾਨ ਸੀ। ਇਸੇ ਤਰ੍ਹਾਂ "ਗੁਰੂ

ਅਮਰਦਾਸ ਜੀ'' ਨੇ ਵੀ ਆਪਣੇ ਇਸ ਸਲੋਕ ਰਾਹੀਂ ਅਗਾਹ ਕੀਤਾ ਹੈ।

''ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥

(ਅੰਗ ੧੩੮੩)

ਇਨ੍ਹਾਂ ਪੰਕਤੀਆਂ ਦੇ ਅਰਥ ਗੁਰੂ ਅਮਰਦਾਸ ਜੀ ਇਹ ਕਰਦੇ ਹਨ ਕਿ ਪ੍ਰਮਾਤਮਾ ਚੰਗੀ ਨੀਅਤ ਨਾਲ ਮਿਲਦਾ ਹੈ। ਜੇਕਰ ਕਰਮ ਚੰਗਾ ਹੋਣ ਦੇ ਨਾਲ-ਨਾਲ ਨੀਅਤ ਵੀ ਚੰਗੀ ਹੈ, ਤਾਂ ਹੀ ਕੀਤਾ ਹੋਇਆ 'ਕਰਮ' ਪ੍ਰਫੁਲਤ ਹੁੰਦਾ ਹੈ। ਜਿਸ ਨਾਲ ਸਾਨੂੰ ਉਸ ਪ੍ਰਮਾਤਮਾ ਦੇ ਨਾਲ ਮਿਲਾਪ ਹੋ ਜਾਂਦਾ ਹੈ। ਔਰ ਸਾਡੇ ਸਾਰੇ ਕਰਮ ਦੁਖਾਂ ਦੀ ਬਜਾਏ ਸੁਖਾਂ ਵਿਚ ਤਬਦੀਲ ਹੋ ਜਾਂਦੇ ਹਨ।

''ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥

(ਅੰਗ ੬੪੯)

ਇਨ੍ਹਾਂ ਪੰਕਤੀਆਂ ਦੇ ਅਰਥ ਵੀ ਉਸੇ ਹੀ ਪ੍ਰਕਾਰ ਹਨ ਕਿ ਨਾਮ ਵਾਲੇ ਪਾਸੇ ਦੁਨੀਆਂ ਲੱਗਦੀ ਹੈ, ਪਰ ਕਈ ਵੇਰਾਂ ਗੁਰੂ ਦੇ ਚਰਨਾਂ ਤੱਕ ਨਹੀਂ ਪਹੁੰਚ ਪਾਉਂਦੀ। ਭਾਵ ਕਿ ਰਿਧੀ-ਸਿਧੀ ਤੱਕ ਹੀ ਰਹਿ ਜਾਂਦੀ ਹੈ। ਇਸੇ ਲਈ ਤਾਂ ਗੁਰੂ ਜੀ ਨੇ ਫੁਰਮਾਇਆ ਹੈ,

''ਰਿਧਿ ਸਿਧਿ ਸਭੁ ਮੋਹ ਹੈ ਨਾਮੁ ਨ ਵਸੈ ਮਨਿ ਆਇ॥

(ਅੰਗ ੫੯੩)

ਸੋ ਦੁਨੀਆਂ ਦੇ ਕਈ ਲੋਕੀਂ ਪੀਰਾਂ, ਮੁਸਲਮਾਨਾਂ ਕੋਲ ਜਾਂਦੇ ਹਨ, ਤਾਂਕਿ ਉਹਨਾਂ ਨੂੰ ਕਿਸੇ ਵੀ ਚੀਜ਼ ਨੂੰ ਹਾਸਿਲ ਕਰਨ ਦੀ ਜਾਚ ਆ ਜਾਵੇ। ਪਰ ਉਹ ਇਹ ਭੁੱਲ ਜਾਂਦੇ ਹਨ ਕਿ ਪੀਰ, ਫਕੀਰ, ਮੁਸਲਮਾਨ ਵੀ ਇਸ ਸਭ ਦੀ ਪ੍ਰਾਪਤੀ ਵਾਸਤੇ ਕੇਵਲ ਇਕੋ ਹੀ ਵਾਹਿਗੁਰੂ ਦਾ ਦਰਵਾਜ਼ਾ ਖੜਕਾਉਂਦੇ ਹਨ। ਇਹ ਉਹ ਦਰਵਾਜ਼ਾ ਹੈ, ਜਿਹੜਾ ਬਾਣੀ ਦੇ ਨਾਲ ਜੁੜਿਆ ਹੋਇਆ ਹੈ। ਨਿਰੰਕਾਰ ਦੇ ਨਾਲ ਇਕ ਜੋਤ ਰੂਪ ਹੋ ਕੇ ਜੁੜਿਆ ਹੈ।

ਸੋ ਆਖ਼ਿਰ ਵਿਚ ਮੈਂ ਇਹੋ ਕਹਿਣਾ ਚਾਹੁੰਗਾ ਕਿ ਆਪਣੇ ਕਰਮਾਂ ਨੂੰ ਆਪ ਹੀ ਬੁਰੇ ਪਾਸਿਆਂ ਵਿਚ ਲੱਗ ਕੇ ਖਰਾਬ ਨਾ ਕਰੋ। ਕਿਉਂਕਿ ਚੰਗੀ ਤੇ ਨੇਕ ਨੀਅਤ ਤੋਂ ਬਿਨਾਂ ਤੁਹਾਨੂੰ ਕਿਸੇ ਵੀ ਕੀਤੇ ਹੋਏ ਕੰਮ ਦਾ ਫਲ ਪ੍ਰਾਪਤ ਨਹੀਂ ਹੋ ਸਕਦਾ।

ਧਰਤੀ ਦੀ ਪੁਕਾਰ

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

(ਅੰਗ ੩੮੩)

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥
ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ॥੧॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਰਹਾਉ॥
ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ॥

(ਅੰਗ ੬੧੦)

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥

....

ਸੁਣਿ ਬੇਨੰਤੀ ਸੁਆਮੀ ਅਪਨੇ ਨਾਨਕੁ ਇਹੁ ਸੁਖੁ ਮਾਗੈ॥
ਜਹਿ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥

ਗੁਰੂ ਕੀ ਪਰਮ ਸਤਿਕਾਰ ਯੋਗ, ਸਾਧ ਸੰਗਤ ਜੀ ! ਗੁਰੂ ਕੇ ਖਾਸ ਰੂਪ ਮਾਈ, ਭਾਈ, ਜੋ ਜੋ ਵੀ ਮਨੁੱਖ ਦੇ ਭੱਲੇ ਵਾਸਤੇ ਯਤਨ ਕਰਨ ਲਈ ਆਏ ਹਨ। ਸਾਰੇ ਇਕ ਵਾਰੀ ਪਿਆਰ ਨਾਲ ਆਖੋ,

ਸਤਿਨਾਮੁ ਸ੍ਰੀ ਵਾਹਿਗੁਰੂ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਮਹਾਂਵਾਕ ਹੈ,

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥

(ਅੰਗ ੫੧੬)

ਨਾ ਤੇ ਇਹ ਭਾਸ਼ਾ ਸੰਸਕ੍ਰਿਤ ਹੈ ਤੇ ਨਾ ਹੀ ਹਿੰਦੀ ਹੈ ਔਰ ਨਾ ਹੀ ਇਸ ਵਿਚ ਅਰਬੀ ਤੇ ਫਾਰਸੀ ਭਾਸ਼ਾ ਸ਼ਾਮਿਲ ਕੀਤੀ ਗਈ ਹੈ। ਬਲਕਿ ਇਹ ਭਾਸ਼ਾ ਤਾਂ ਮੋਟੀ ਪੰਜਾਬੀ ਹੈ। ਠੇਠ ਪੰਜਾਬੀ ਹੈ ਜਿਹੜੀ ਅਸੀਂ ਘਰਾਂ ਦੇ ਵਿਚ ਰੋਜ਼ ਬੋਲਦੇ ਹਾਂ।

ਗਿਆਨੀ ਮਾਨ ਸਿੰਘ ਜੀ ਝੌਰ ਦੱਸਦੇ ਹਨ ਕਿ ਇਹ ਬਚਨ ਉਸ ਸਮੇਂ ਦਾ ਹੈ, ਜਦੋਂ ਮੈਂ ਆਪ ਪੜ੍ਹਦਾ ਸੀ। ਜਿਨ੍ਹਾਂ ਮਹਾਂਪੁਰਸ਼ਾਂ ਨੇ ਇਹ ਅੱਖਰ ਮੇਰੀ ਝੋਲੀ ਵਿਚ ਪਾਏ, ਉਹਨਾਂ ਨੇ ਮੈਨੂੰ ਇਹ ਅੱਖਰ ਫਿਰ ਤੋਂ ਪੜ੍ਹਨ ਲਈ ਕਿਹਾ,

"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥

(ਅੰਗ ੫੧੬)

ਇਸ ਦੇ ਅਰਥ ਉਹਨਾਂ ਨੇ ਮੈਨੂੰ ਇਹ ਸਮਝਾਏ ਕਿ ਜਿਹੜੇ ਗੁਜਰ ਨੇ, ਉਹਨਾਂ ਦੀ ਜਾਤ ਗਵਾਰ ਹੈ। ਮੈਂ ਪੁੱਛਿਆ ਕਿ ਕਿਉਂ ਗਵਾਰ ਨੇ ? ਇਸ ਦਾ ਨਿਰਣਾ 'ਭਾਈ ਸਾਹਿਬ ਗੁਰਦਾਸ ਜੀ' ਨੇ ਇਹ ਕੀਤਾ ਹੈ ਕਿ ਗੁਜਰ ਗਾਂ ਦਾ ਦੁੱਧ ਵੇਚਦੇ ਨੇ, ਪਰ ਸ਼ਹਿਰੋਂ ਆਉਂਦਿਆਂ ਗਾਂਈਂ ਵਾਸਤੇ ਖੱਲ ਤੇ ਸੂੜੀ। ਸੋ ਕਹਿਣ ਤੋਂ ਇਹ ਭਾਵ ਕਿ ਜਿਹੜਾ ਹੀਰੇ ਵੇਚ ਕੇ ਸਸਤੇ ਭਾਅ ਵਿਚ ਤੇ ਉਸ ਦੇ ਬਦਲੇ ਧਨੀਏ ਦੀਆਂ ਬੋਰੀਆਂ ਭਰ ਕੇ ਲੈ ਆਵੇ। ਫਿਰ ਉਹ ਗਵਾਰ ਹੀ ਤੇ ਹੋਇਆ। ਇਸ ਲਈ ਸਰਕਾਰ ਨੇ ਗੁਜਰਾਂ ਦੀ ਜਾਤ ਨੂੰ ਗਵਾਰ ਕਿਹਾ ਹੈ। ਔਰ ਮੈਨੂੰ ਇਸ ਦੇ ਅਰਥ ਸਮਝਾਉਂਦੇ ਹੋਇਆਂ ਇਹ ਵੀ ਦੱਸਣ ਲੱਗੇ ਕਿ ਗੁਜਰਾਂ ਦੀ ਜਾਤ ਵਿਚ ਗਧੇ ਨੇ ਲੈ ਲਿਆ ਜਨਮ। ਫਿਰ ਅਗਰ ਗੁਜਰਾਂ ਦੀ ਰਾਧਾ ਆਪਣੇ ਕ੍ਰਿਸ਼ਨ ਨੂੰ ਹਾਸਿਲ ਕਰ ਸਕਦੀ ਹੈ ਗਵਾਰ ਹੁੰਦਿਆਂ ਹੋਇਆਂ ਵੀ ਆਪਣੇ ਪ੍ਰੇਮ ਨੂੰ ਪਾ ਸਕਦੀ ਹੈ ਤਾਂ ਉੱਚੀ ਜਾਤ ਵਾਲਿਆਂ ! ਤੂੰ ਆਪਣੇ ਰੱਬ ਨੂੰ ਹਾਸਿਲ ਨਹੀਂ ਕਰ ਸਕਦਾ ? ਫਿਰ ਨਾਲ ਮੈਨੂੰ ਇਹ ਕਹਿ ਦਿੱਤਾ ਕਿ ਦੁਬਾਰਾ ਤੋਂ ਬਚਨ ਪੜ੍ਹੋ-

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥

ਮਹਾਂਪੁਰਸ਼ਾਂ ਨੇ ਮੈਨੂੰ ਦੁਬਾਰਾ ਤੋਂ ਫਿਰ ਇਸ ਤੁੱਕ ਦੇ ਹੋਰ ਅਰਥ ਸੁਣਾਏ ਕਿ ਐ ਬੇਵਕੂਫ, ਐ ਬੇਸਮਝ, ਐ ਨਲਾਇਕ, ਤੇਰੀ ਉਮਰ ਐਵੇਂ ਹੀ ਗੁਜ਼ਰਦੀ ਜਾਂਦੀ ਹੈ। ਫਜ਼ੂਲ ਤੇ ਨਿਕੰਮੀ ਹੀ ਗੁਜ਼ਰਦੀ ਜਾਂਦੀ ਹੈ। ਫਿਰ ਮਹਾਂਪੁਰਸ਼ੋ ਚੰਗੀ ਕਦੋਂ ਹੋਵੇਗੀ ? ਉਹਨਾਂ ਕਿਹਾ,

ਜਾ ਸਹੁ ਪਾਏ ਆਪਣਾ॥

ਅਰਥਾਤ ਕਿ ਜਦੋਂ ਤੂੰ ਆਪਣਾ ਪ੍ਰਭੂ ਪਤੀ ਪ੍ਰਮਾਤਮਾ ਪਾ ਲਵੇਂਗਾ, ਫਿਰ ਜਨਮ ਤੇਰਾ ਸਫਲ ਹੋ ਜਾਏਗਾ। ਔਰ ਉਮਰ ਤੇਰੀ ਲੇਖਹਿ ਵਿਚ ਪੈ ਜਾਏਗੀ। ਅਗਰ ਤੂੰ ਪ੍ਰਭੂ ਪ੍ਰਮਾਤਮਾ

ਨੂੰ ਨਹੀਂ ਪਾਇਆ ਜਾਂ ਨਹੀਂ ਧਿਆਇਆ ਤੇ ਫਿਰ ਤੇਰੀ ਉਮਰ ਐਵੇਂ ਹੀ ਗੁਜਰ ਗਈ। ਇੰਨਾ ਕਹਿਣ ਦੇ ਨਾਲ ਉਹਨਾਂ ਮੈਨੂੰ ਫਿਰ ਤੋਂ ਪੰਕਤੀਆਂ ਨੂੰ ਪੜ੍ਹਨ ਲਈ ਕਹਿ ਦਿੱਤਾ-

'ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥

ਇਨ੍ਹਾਂ ਪੰਕਤੀਆਂ ਦੇ ਇਕ ਹੋਰ ਨਵੇਂ ਅਰਥ ਉਹਨਾਂ ਨੇ ਮੈਨੂੰ ਇਹ ਦੱਸੇ ਕਿ 'ਜਾ' ਤੋਂ ਭਾਵ ਹੈ ਕਿ ਜਿਨ੍ਹਾਂ ਜਿਨ੍ਹਾਂ ਨੇ ਆਪਣੇ ਪ੍ਰਭੂ ਪਤੀ ਪ੍ਰਮਾਤਮਾ ਨੂੰ ਪਾ ਲਿਆ ਹੈ ਜਾਂ ਜਿਨ੍ਹਾਂ ਜਿਨ੍ਹਾਂ ਨੇ ਨਿਰੰਕਾਰ ਨੂੰ ਹਾਸਿਲ ਕਰ ਲਿਆ ਹੈ ਔਰ ਜਿਨ੍ਹਾਂ ਜਿਨ੍ਹਾਂ ਨੇ ਉਸ ਨੂੰ ਹਿਰਦੇ ਵਿਚ ਵਸਾ ਲਿਆ ਹੈ। ਫਿਰ-

"ਗੁਜਰੀ ਜਾਤਿ ਗਵਾਰਿ"

ਫਿਰ ਜਿਹੜੀ ਤੇਰੀ ਇਹ ਗਵਾਰਪੁਣੇ ਦੀ ਜਾਤ ਹੈ, ਉਹ ਗੁਜਰ ਜਾਏਗੀ, ਭਾਵ ਕਿ ਖ਼ਤਮ ਹੋ ਜਾਏਗੀ। ਸੋ ਸਭ ਅਰਥਾਂ ਦੇ ਭਾਵ ਕਿ ਇਹ ਨੇ ਕਿ ਜੇਕਰ ਗੁਜਰਾਂ ਦੀ ਰਾਧਾ ਆਪਣੇ ਪ੍ਰੇਮ ਨੂੰ ਹਾਸਿਲ ਕਰ ਸਕਦੀ ਹੈ ਤਾਂ ਤੁਸੀਂ ਆਪਣੇ ਪ੍ਰਭੂ ਪ੍ਰਮਾਤਮਾ ਨੂੰ ਕਿਉਂ ਨਹੀਂ ਹਾਸਿਲ ਕਰ ਸਕਦੇ। ਸੋ ਅਰਥ ਇਹੀ ਨੇ ਕਿ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਧਿਆਇਆ ਜਾਏ, ਬਾਕੀ ਦੇ ਜਿਹੜੇ ਅਰਥ ਕੀਤੇ ਨੇ, ਉਹ ਗਿਆਨ ਵਧਾਉਣ ਵਾਸਤੇ ਕੀਤੇ ਨੇ, ਤਾਂਕਿ ਸਾਨੂੰ ਵੀ ਇਕ ਹੀ ਪੰਕਤੀ ਦੇ ਕਈ ਅਰਥ ਪਤਾ ਚਲ ਜਾਣ।

ਭਾਰਤ ਵਰਸ਼ ਦੇ ਇਤਿਹਾਸ ਨੂੰ ਧਿਆਨ ਨਾਲ ਪੜ੍ਹਨ ਤੇ ਇਹ ਸੱਚਾਈ ਸਹਿਜੇ ਹੀ ਉਜਾਗਰ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਭਾਰਤ ਵਰਸ਼ ਧਾਰਮਿਕ, ਸਮਾਜਿਕ ਤੇ ਸਿਆਸੀ ਖੇਤਰਾਂ ਵਿਚ ਅਧੋਗਤੀ ਦੀ ਡੂੰਘੀ ਖੱਡ ਵਿਚ ਡਿੱਗ ਚੁੱਕਾ ਸੀ। ਪਰ ਦੁੱਖ ਨਾਲ ਇਹ ਗੱਲ ਵੀ ਕਹਿਣੀ ਪੈਂਦੀ ਹੈ ਕਿ ਜਿਨ੍ਹਾਂ ਅਸੂਲਾਂ ਤੇ ਆਦਰਸ਼ਾਂ ਨੂੰ ਸਾਡੇ ਪੁਰਾਤਨ ਬਜ਼ੁਰਗਾਂ ਨੇ ਆਪਣਾ ਖ਼ੂਨ ਪਾ ਕੇ ਸਿਰਜਿਆ ਸੀ। ਪਰ ਅੱਜ ਦੇ ਨੌਜਵਾਨਾਂ ਨੂੰ ਆਪਣੇ ਗੌਰਵਮਈ ਵਿਰਸੇ ਦਾ ਅਹਿਸਾਸ ਹੀ ਨਹੀਂ ਹੈ। ਤੰਬਾਕੂ ਤੇ ਸ਼ਰਾਬ ਨੇ ਸਾਡੇ ਨੌਜਵਾਨਾਂ ਨੂੰ ਘੁਣ ਵਾਂਗ ਖਾ ਲਿਆ ਹੈ। ਔਰ ਅੱਜ ਦੀ ਨਵੀਂ ਪੀੜ੍ਹੀ ਵਿਚ ਪੰਜ ਕਕਾਰਾਂ ਦੀ ਧਾਰਨਾ, ਨਿਤਨੇਮ, ਸਤਿਸੰਗ ਰਹਿਤ ਭਰਿਆ ਜੀਵਨ ਤੇ ਕੁਰਹਿਤਾਂ ਦੀ ਜਾਣਕਾਰੀ ਅਲੋਪ ਹੋ ਗਈ ਹੈ।

ਅੱਜ ਦੇ ਨੌਜਵਾਨ ਨੂੰ ਕੱਚੇ ਘੜੇ ਤੇ ਤੈਰਾਨ ਵਾਲੀ ਕਿਸੇ ਅਲ੍ਹੜ ਦੀ ਕਹਾਣੀ ਦਾ ਤੇ ਪਤਾ ਹੈ, ਪਰ ਕਚੀ ਗੜ੍ਹੀ ਵਿਚ ਲੜਨ ਵਾਲੇ ਸੂਰਬੀਰਾਂ ਦੀ ਗਾਥਾ ਦਾ ਅਹਿਸਾਸ ਨਹੀਂ ਹੈ। ਸੋ ਇਹ ਕਸੂਰ ਨੌਜਵਾਨਾਂ ਦਾ ਨਹੀਂ ਹੈ। ਬਲਕਿ ਉਹਨਾਂ ਦਾ ਹੈ ਜੋ ਆਪਣੇ ਗੌਰਵਮਈ

ਇਤਿਹਾਸ ਦੀ ਕਹਾਣੀ ਨੌਜਵਾਨਾਂ ਨੂੰ ਸੁਣਾ ਹੀ ਨਹੀਂ ਸਕੇ। ਬੱਚੇ ਦੇ ਜੀਵਨ ਨੂੰ ਬਨਾਉਣ ਵਿਚ ਬਹੁਤਾ ਹੱਥ ਸਕੂਲਾਂ ਤੇ ਕਾਲਜਾਂ ਦਾ ਵੀ ਹੁੰਦਾ ਹੈ। ਪਰ ਕੀ ਅਜ ਦੇ ਸਕੂਲ ਤੇ ਕਾਲਜ ਇਸ ਜ਼ਿੰਮੇਵਾਰੀ ਨੂੰ ਪੂਰਾ ਕਰ ਰਹੇ ਹਨ ? ਗੁਰਦੁਆਰੇ ਵੀ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬਣਾਏ ਹਨ। ਪਰ ਗੁਰਦੁਆਰਿਆਂ ਵਿਚ ਪਸਰੀ ਹੋਈ ਧੜੇਬੰਦੀ, ਪਾਰਟੀਬਾਜ਼ੀ, ਚੌਧਰ ਦੀ ਭੁੱਖ, ਗੋਲਕ ਦੀ ਲੜਾਈ ਇਹ ਸਭ ਨੌਜਵਾਨ ਪੀੜੀ ਦੇ ਰਸਤੇ ਦੀ ਰੁਕਾਵਟ ਬਣੀ ਹੋਈ ਹੈ।

ਸੋ ਸਾਨੂੰ ਆਪਣੇ ਗੌਰਵਮਈ ਵਿਰਸੇ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਆਪਣੀ ਨੌਜਵਾਨ ਪੀੜੀ ਨੂੰ ਤਾਂਕਿ ਭਟਕਿਆ ਹੋਇਆ ਸਿੱਖ ਆਪਣੀ ਫੁਲਵਾੜੀ ਵਿਚ ਸ਼ਾਮਿਲ ਹੋ ਸਕੇ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਦਾ ਪਾਤਰ ਬਣ ਸਕੇ।

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥

(ਅੰਗ ੫੬੯)

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ॥
ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ॥
ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ॥ ੨॥

(ਅੰਗ ੬੩੪)

ਇਨ੍ਹਾਂ ਪੰਕਤੀਆਂ ਵਿਚ ਕਿਸੇ ਵੀ ਪ੍ਰਕਾਰ ਨਾਲ ਸ਼ਬਦ ਵਿਚ ਰੋਣ, ਅੰਨ ਤਿਆਗਣ, ਕੰਮ ਕਾਰ ਤੋਂ ਮੂੰਹ ਮੋੜਨ ਦੀ ਬਜਾਇ ਜਾਂ ਕਿਸੇ ਵੀ ਤਰ੍ਹਾਂ ਨਾਲ ਅਵੇਸਲੇ ਹੋਣ ਦੀ ਗੱਲ ਨਹੀਂ ਮਿਲਦੀ। ਇਸ ਲਈ ਜੋ ਵਿਅਕਤੀ ਮਾਇਆ ਵਿਚ ਰਹਿੰਦਾ ਹੋਇਆ ਵੀ ਇਸ ਤੋਂ ਅਭਿਜ ਹੈ ਤੇ ਪ੍ਰਭੂ ਦੀ ਸਿਫ਼ਤ ਸ਼ਲਾਹ ਵਿਚ ਜੁੜਿਆ ਰਹਿੰਦਾ ਹੈ ਤੇ ਉਸ ਦੇ ਨਾਮ ਨੂੰ ਚਿਤਵਦਾ ਹੈ, ਉਹ ਬੈਰਾਗੀ ਹੈ। ਉਸ ਦੀ ਅਰਦਾਸ ਵਿਚ ਬਿਰਹਾ ਦੀ ਚੁਭਣ ਜ਼ਰੂਰ ਹੁੰਦੀ ਹੈ। ਵਿਛੋੜੇ ਦਾ ਦੁੱਖ ਵੀ ਮਹਿਸੂਸ ਹੁੰਦਾ ਹੈ, ਪਰ ਇਸ ਦੁੱਖ ਕਾਰਨ ਉਹ ਰੁਦਨ ਨਹੀਂ ਕਰਦਾ। ਲੋਕਾਂ ਤੋਂ ਆਪਣੀ ਵਾਹ-ਵਾਹ ਕਰਾਉਣ ਲਈ ਨਾਟਕ ਨਹੀਂ ਕਰਦਾ, ਬਲਕਿ ਉਸ ਦੇ ਧੁਰ ਅੰਦਰੋਂ ਬਿਰਹਾ ਪ੍ਰਭੂ ਪਿਆਰ ਦਾ ਚਸ਼ਮਾ ਬਣ ਕੇ ਉਸਦੀ ਅਰਜ਼ੋਈ ਦੁਆਰਾ ਫੁੱਟਦਾ ਹੈ ਤੇ ਇਸ ਤਰ੍ਹਾਂ ਉਹ ਮਨੁੱਖ ਪ੍ਰਭੂ ਰੰਗ ਦੇ ਵਿਚ ਹੋਰ ਰੰਗਿਆ ਜਾਂਦਾ ਹੈ। ਫਿਰ ਉਸ

ਦੇ ਮਨ ਉਤੇ ਪ੍ਰਭੂ-ਪ੍ਰੀਤ ਦਾ ਪੱਕਾ ਰੰਗ ਚੜ੍ਹ ਜਾਂਦਾ ਹੈ। ਇਸ ਦੇ ਬਾਰੇ ਪੰਚਮ ਪਾਤਿਸ਼ਾਹ ਜੀ ਫੁਰਮਾਉਂਦੇ ਹਨ-

"ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ ੧॥

(ਅੰਗ ੮੦੮)

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥ ੧॥
ਬਿਨੁ ਤੇਲ ਦੀਵਾ ਕਿਉ ਜਲੈ॥ ੧॥ ਰਹਾਉ॥

(ਅੰਗ ੨੫)

ਇਹ ਤੁਕਾਂ ਆਪਸ 'ਚ ਰਲਦੀਆਂ ਨਹੀਂ, ਕਿਉਂਕਿ ਇਹਨਾਂ ਵਿਚ ਕੁਝ ਲੁਪਤੀਆਂ ਲੁਕੀਆਂ ਨੇ। ਔਰ ਜਿੰਨਾ ਚਿਰ ਇਨ੍ਹਾਂ ਲੁੱਪਤੀਆਂ ਦਾ ਪਤਾ ਨਾ ਹੋਵੇ, ਉਤਨੀ ਦੇਰ ਤੱਕ ਇਸਦਾ ਪ੍ਰਕਰਣ ਨਹੀਂ ਬਣ ਸਕਦਾ।

ਇਕ ਜਗਿਆਸੂ ਵਲੋਂ ਅਰਦਾਸ ਹੈ ਪ੍ਰਮਾਤਮਾ ਨੂੰ ਕਿ ਜਿਹੜੇ ਆਪਣੇ ਆਪ ਨੂੰ ਇਹ ਮੰਨਦੇ ਸੀ, ਕਿ ਉਹਨਾਂ ਨੂੰ ਕੋਈ ਛੱਲ ਨਹੀਂ ਸਕਦਾ। ਇਹ ਆਪਣੇ ਆਪ ਨੂੰ ਅਛੱਲ ਸਮਝਦੇ ਸਨ ਤੇ ਕਹਿੰਦੇ ਸਨ ਕਿ ਕਿਹੜਾ ਜੰਮਿਆ ਹੈ ਇਸ ਧਰਤੀ ਦੇ ਉਤੇ ਜਿਹੜਾ ਸਾਨੂੰ ਛੱਲ ਸਕੇ। ਪਰ ਦੁਨੀਆਂ ਦੇ ਵਿਚ ਇਕ ਐਸੀ ਤਾਕਤ ਹੈ ਜਿਹੜੀ ਇਹਨਾਂ ਨੂੰ ਹਰਾ ਗਈ। ਇਸਦਾ ਇਸ਼ਾਰਾ ਬ੍ਰਹਮਾ, ਵਿਸ਼ਨੂੰ, ਮਹੇਸ਼ ਵੱਲ ਹੈ।

ਅਛਲ ਛਲਾਈ ਨਹ ਛਲੈ

ਤੁਸੀਂ ਕੋਈ ਵੀ ਵਿਸ਼ਨੂੰ ਦੀ ਤਸਵੀਰ ਵੇਖੋਗੇ, ਉਹਨਾਂ ਦੇ ਕੋਲ ਲੱਛਮੀ ਬੈਠੀ ਹੋਵੇਗੀ। ਅਗਰ ਕੋਈ ਸ਼ਿਵਜੀ ਦੀ ਤਸਵੀਰ ਵੇਖੋ ਤਾਂ ਬੈਲ ਦੇ ਪਿਛੇ ਪਾਰਵਤੀ ਜ਼ਰੂਰ ਬੈਠੀ ਹੋਵੇਗੀ। ਔਰ ਕੋਈ ਰਾਮ ਤੇ ਕ੍ਰਿਸ਼ਨ ਦੀ ਤਸਵੀਰ ਵੇਖੋ ਰਾਧਾ ਤੇ ਸੀਤਾ ਉਸ ਦੇ ਨਾਲ ਹੀ ਹੋਣਗੇ। ਸੋ ਕਹਿਣ ਤੋਂ ਇਹ ਭਾਵ ਹੈ ਕਿ ਮਾਇਆ ਨੇ ਸਭ ਉਤੇ ਆਪਣਾ ਪ੍ਰਭਾਵ ਪਾਇਆ ਹੋਇਆ ਹੈ।

ਅਛਲ ਛਲਾਈ ਨਹ ਛਲੈ

ਹੇ ਪ੍ਰਮਾਤਮਾ ! ਵਾਹਿਗੁਰੂ ! ਜਿਹੜੀ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਛੱਲ ਗਈ ਹੈ ਕਿਤੇ

ਉਹ ਮੈਨੂੰ ਨਾ ਛੱਲ ਲਵੇ। ਇਸ ਲਈ ਇਹ ਸ਼ਕਤੀ ਦੇ ਪ੍ਰਭਾਵ ਤੋਂ ਮੈਨੂੰ ਦੂਰ ਰੱਖਣਾ। ਕਿਉਂਕਿ ਇਸ ਨੇ ਆਪਣੇ ਕੋਲ ਬਹੁਤ ਵੱਡਾ ਛੁਰਾ ਰੱਖਿਆ ਹੋਇਆ ਹੈ। ਪਤਾ ਨਹੀਂ ਕਿਸ ਵੇਲੇ ਇਹ ਛੁਰੇ ਦਾ ਵਾਰ ਮੇਰੇ ਤੇ ਕਰ ਦੇਵੇ। ਫਿਰ ਨਾਲ ਹੀ ਧੁਰੋਂ ਆਵਾਜ਼ ਆਈ ਕਿ ਅਗਰ ਇਸ ਦੇ ਪ੍ਰਭਾਵ ਤੋਂ ਬਚਣਾ ਹੈ ਤਾਂ ਇਕੋ ਗਲ ਕਰ-

ਜਿਉ ਸਾਹਿਬੁ ਰਾਖੈ ਤਿਉ ਰਹੈ

(ਅੰਗ ੨੫)

ਕਹਿਣ ਤੋਂ ਭਾਵ ਕਿ ਗੁਰੂ ਦੀ ਰਜ਼ਾ ਵਿਚ ਰਹਿ। ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨ। ਜਿਸ ਪਾਸੇ ਵੱਲ ਵਾਹਿਗੁਰੂ ਤੈਨੂੰ ਤੋਰਦਾ ਹੈ, ਉਸ ਪਾਸੇ ਵੱਲ ਤੂੰ ਤੁਰਿਆ ਜਾ। ਆਪਣੇ ਮਨ ਦੀ ਹੁੱਜਤ, ਟਿਚਕਰ ਕਰਨੀ ਤੂੰ ਛੱਡ ਦੇ।

ਜਿਉ ਸਾਹਿਬੁ ਰਾਖੈ

(ਅੰਗ ੨੫)

ਜਿਸ ਤਰ੍ਹਾਂ ਉਹ ਸਾਹਿਬ ਨੂੰ ਮਨਜ਼ੂਰ ਹੋਵੇ ਉਸੇ ਹੀ ਤਰ੍ਹਾਂ ਤੂੰ ਰਹਿ।

ਜਿਉਂ ਸਾਹਿਬੁ ਰਾਖੈ ਤਿਉ ਰਹੈ

ਉਸ ਜਗਿਆਸੂ ਨੇ ਹਜ਼ੂਰ ਅੱਗੇ ਮਿੰਨਤ ਕੀਤੀ ਕਿ ਹਜ਼ੂਰ ਜੀ, ਮੇਰੇ ਅੰਦਰ ਹੈ ਭਰਮ ਦਾ ਹਨੇਰਾ ਤੇ ਉਸ ਦੇ ਹਨੇਰੇ ਵਿਚ ਮੇਰਾ ਪੈਰ ਫਿਸਲ ਜਾਂਦਾ ਹੈ। ਮੇਰੇ ਪੈਰ ਨੂੰ ਠੋਕਰ ਲੱਗ ਜਾਂਦੀ ਹੈ ਤੇ ਮੈਂ ਟੱਪਲਾ ਖਾ ਜਾਂਦਾ ਹਾਂ। ਇਸ ਲਈ ਉਸ ਹਨੇਰੇ ਵਿਚ ਆਪਣੇ ਆਪ ਨੂੰ ਭੁੱਲ ਜਾਣਾ, ਇਹ ਕੁਦਰਤੀ ਬਾਤ ਹੈ। ਪਰ ਮੈਂ ਇਸ ਭਾਣੈ ਨੂੰ ਕਿਵੇਂ ਮਿੱਠਾ ਕਰਕੇ ਮੰਨਾ!

ਇਸੁ ਲੋਭੀ ਕਾ ਜੀਓ ਟਲ ਪਲੈ॥

(ਅੰਗ ੨੫)

ਇਸ ਲਈ ਮੈਂ ਲੋਭੀ ਹਾਂ, ਤੇ ਮੇਰੇ ਅੰਦਰ ਲੋਭ ਦਾ ਹਨੇਰਾ ਹੈ। ਇਸ ਹਨੇਰੇ ਕਾਰਨ ਮੈਂ ਫਿਸਲ ਜਾਂਦਾ ਹਾਂ। ਠੋਕਰ ਖਾ ਜਾਂਦਾ ਹਾਂ। ਇਸ ਲਈ ਤੁਸੀਂ ਮੇਰੇ ਤੇ ਕ੍ਰਿਪਾ ਕਰੋ ਕਿ ਮੈਂ ਇਸ ਹਨੇਰੇ ਤੋਂ ਕਿਵੇਂ ਬਚਾਂ ?

"ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ॥

(ਅੰਗ ੧੨੭)

ਅਗਰ ਤੁਸੀਂ ਇਸ ਹਨੇਰੇ ਤੋਂ ਉੱਪਰ ਉੱਠਣਾ ਹੈ ਤਾਂ ਜੀਵਨ ਵਿਚ ਸੁਚੇਤ ਹੋਣਾ ਪਵੇਗਾ। ਔਰ ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਅਸੀਂ ਸ਼ਬਦ ਦੀ ਵੀਚਾਰ ਨੂੰ ਆਪਣੇ

ਜੀਵਨ ਦਾ ਅਧਾਰ ਬਣਾਈਐ।

ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਅਨੁਸਾਰ ਇਕ ਸਿੱਖ ਦੀ ਰਹਿਣੀ ਦੋ ਪ੍ਰਕਾਰ ਦੀ ਹੈ-

ਇਸ ਸ਼ਖਸੀ ਤੇ ਦੂਜੀ ਪੰਥਕ

ਇਸ ਰਹਿਣੀ ਵਿਚ ਹਰ ਵਰਗ ਦੇ ਮਨੁੱਖ ਨੂੰ ਨਾਲ ਲਿਆ ਗਿਆ ਹੈ। ਇਸ ਦੇ ਨਾਲ ਨਾਲ ਹਰ ਕਿਤੇ ਨੂੰ ਵੀ ਅਪਨਾਇਆ ਗਿਆ ਹੈ ਤਾਂਕਿ ਉਹ ਨਿਤਨੇਮ ਕਰ ਸਕੇ। ਨਿਤਨੇਮ ਵਿਚ ਅੰਮ੍ਰਿਤ ਵੇਲੇ ਜਪੁ, 'ਜਾਪੁ' ਅਤੇ ੧੦ ਸਵੱਯੇ ਹਨ। ਫਿਰ ਸ਼ਾਮ ਨੂੰ 'ਰਹਰਾਸਿ ਸਾਹਿਬ' ਤੇ ਸੌਣ ਸਮੇਂ ਸੋਹਿਲਾ ਬਾਣੀ ਦਾ ਪਾਠ ਕਰਨ ਦਾ ਆਦੇਸ਼ ਹੈ। ਇਸ ਨਿਤਨੇਮ ਦੇ ਪਾਠ ਨੂੰ ਹਰ ਕਿਰਤੀ ਸਿੱਖ ਕਰ ਸਕਦਾ ਹੈ। ਭਾਈ ਗੁਰਦਾਸ ਜੀ ਨੇ ਵਾਰ 40, ਗਿਆਰ੍ਹਵੀਂ ਪਉੜੀ ਵਿਚ ਕਮਾਲ ਦਾ ਅੰਕਤ ਕੀਤਾ ਹੈ,

"ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।

ਸਿਮਰਨ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸਿੱਖ ਹਰ ਵੇਲੇ ਕਰ ਸਕਦਾ ਹੈ। ਇਸ ਸਬੰਧੀ ਗੁਰੂ ਜੀ ਦਾ ਫੁਰਮਾਣ ਹੈ—

ਆਖਾ ਜੀਵਾ ਵਿਸਰੈ ਮਰਿ ਜਾਉ॥

ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਵਿਸ਼ਵ ਧਰਮ ਹੈ ਅਤੇ ਮਨੁੱਖ ਮਾਤ੍ਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਇਸ ਲਈ ਹਰ ਵੇਲੇ ਪ੍ਰਮਾਤਮਾ ਨੂੰ ਯਾਦ ਕਰੋ ਤਾਂਕਿ ਸਿਮਰਨ ਦੇ ਗੁਣ ਸਿੱਖ ਦੇ ਜੀਵਨ ਵਿਚ ਪ੍ਰਗਟ ਹੋਣ। ਭਾਈ ਗੁਰਦਾਸ ਜੀ ਵੀ ਲਿਖਦੇ ਹਨ,

"ਕਲਿ ਆਈ ਕੁਤੇ ਮੁਹੀਂ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।

ਇਨ੍ਹਾਂ ਪੰਕਤੀਆਂ ਦੇ ਅਰਥ ਭਾਈ ਜੀ ਨੇ ਇਹ ਕੀਤੇ ਨੇ ਕਿ ਧਰਤੀ ਅਨੇਕਾਂ ਪ੍ਰਕਾਰ ਦੇ ਕਲਯੁਗੀ ਜੀਵਾਂ ਕਰਕੇ ਦੁੱਖੀ ਹੈ। ਜਿਸ ਕਰਕੇ ਬ੍ਰਹਮਾ, ਵਿਸ਼ਨੂੰ ਤੇ ਇੰਦਰ ਨੂੰ ਨਾਲ ਲੈ ਕੇ 'ਧਰਤੀ' ਨੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕੀਤੀ, ਹੇ ਪ੍ਰਭੂ ! ਹੁਣ ਮੇਰੇ ਤੋਂ ਇੰਨੇ ਭਾਰੇ ਪਾਪਾਂ ਦਾ ਭਾਰ ਸਹਾਰਿਆ ਨਹੀਂ ਜਾਂਦਾ। ਜਿਸ ਕਰਕੇ ਮੈਂ ਡੋਲ ਰਹੀ ਹਾਂ ਤੇ ਤੁਸੀਂ ਮੇਰੀ ਰੱਖਿਆ ਕਰੋ।

"ਧਰਤੀ ਦੀ ਪੁਕਾਰ" ਨੂੰ ਸੁਣ ਕੇ ਨਿਰੰਕਾਰ ਨੇ ਆਖਿਆ, ਮੈਂ ਜਲਦੀ ਹੀ ਕੋਈ ਮਹਾਂਪੁਰਸ਼ ਭੇਜਾਂਗਾ, ਜੋ ਦੁਨੀਆਂ ਦੇ ਲੋਕਾਂ ਨੂੰ ਪਾਪ ਕਰਨ ਤੋਂ ਹਟਾ ਕੇ ਪੁੰਨ ਕਰਮਾਂ ਵੱਲ ਲਾਵੇਗਾ। ਪਰ ਧਰਤੀ ਨੇ ਕਿਹਾ ਕਿ ਹੇ ਪ੍ਰਭੂ ! ਤਰੇਤਾ ਜੁੱਗ ਵਿਚ ਰਾਵਣ ਸੀ, ਜਿਸ ਨੂੰ ਮਾਰਨ ਵਾਸਤੇ ਤੁਸੀਂ ਸ੍ਰੀ ਰਾਮ ਨੂੰ ਭੇਜਿਆ। ਦੁਆਪਰ ਯੁੱਗ ਵਿਚ ਇਕ ਪਾਪੀ ਕੰਸ ਨੂੰ ਮਾਰਨ ਲਈ ਤੁਸੀਂ ਕ੍ਰਿਸ਼ਨ ਜੀ ਨੂੰ ਭੇਜਿਆ। ਪਰ ਕਲਯੁੱਗ ਵਿਚ ਤਾਂ ਲੱਖਾਂ ਹੀ ਰਾਵਨ ਤੇ ਲੱਖਾਂ ਹੀ ਕੰਸ ਹਨ। ਇਸ ਲਈ ਨਿਰੰਕਾਰ ਤੁਸੀਂ ਆਪ ਹੀ ਧਰਤੀ ਤੇ ਆਉ। ਸੋ ਧਰਤੀ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਦੇਵ ਜੀ ਆਪ ਹੀ ਧਰਤੀ ਤੇ ਆ ਗਏ।

"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗੁ ਮਾਹਿ ਪਠਾਇਆ।

....

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥

(ਅੰਗ ੧੩੯੫)

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥

(ਅੰਗ ੬੧੧)

ਸੋ ਗੁਰੂ ਜੀ ਦੇ ਬਚਨ ਹਨ ਕਿ ਜਿਸ ਨੇ ਵੀ ਪ੍ਰਭੂ ਨਾਲ ਪ੍ਰੀਤ ਕੀਤੀ ਹੈ, ਉਸ ਨੇ ਹੀ ਉਸ ਨੂੰ ਪਾਇਆ ਹੈ। ਇਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਜੋ ਜਿਤਨਾ ਗੋਤਾ ਇਸ ਵਿਚ ਖਾਏਗਾ, ਉਤਨੀ ਹੀ ਉਸ ਨੂੰ ਪ੍ਰੇਮ ਦੀ ਪ੍ਰਾਪਤੀ ਹੋਵੇਗੀ।

ਸੋ ਜਗਿਆਸੂ ਨੇ ਫਿਰ ਕਿਹਾ, ਪਾਤਿਸ਼ਾਹ ! ਮੈਨੂੰ ਇਸ ਹਨੇਰੇ ਵਿਚੋਂ ਬਹੁਤ ਡਰ ਲੱਗਦਾ ਹੈ। ਮੈਨੂੰ ਇਸ ਦੇ ਭੈਅ ਤੋਂ ਦੂਰ ਰਖ। ਇਹ ਸਭ ਸੁਣ ਕੇ ਦਰਗਾਹ ਵਿਚੋਂ ਆਵਾਜ਼ ਆਈ ਕਿ 'ਦੀਵਾ' ਜਗਾਅ ਲੈ। ਇਹ ਸਭ ਸੁਣ ਕੇ ਜਗਿਆਸੂ ਨੇ ਜਵਾਬ ਦਿੱਤਾ ਕਿ ਪਾਤਸ਼ਾਹ ! ਨਾ ਮੇਰੇ ਕੋਲ ਦੀਵਾ, ਨਾ ਮੇਰੇ ਕੋਲ ਤੇਲ, ਨਾ ਮੇਰੇ ਕੋਲ ਬੱਤੀ ਤੇ ਨਾ ਹੀ ਮੇਰੇ ਕੋਲ ਅੱਗ ਤੇ ਮੈਂ ਦੀਵਾ ਕਿਸ ਤਰ੍ਹਾਂ ਜਗਾਅ ਲਵਾਂ ? ਕਿਉਂਕਿ ਇਹ ਚਾਰਾਂ ਚੀਜ਼ਾਂ ਤੋਂ ਬਿਨਾਂ ਇਹ ਦੀਵਾ ਜਗ ਨਹੀਂ ਸਕਦਾ। ਤਾਂ ਹਜ਼ੂਰ ਨੇ ਜਵਾਬ ਦਿੱਤਾ ਕਿ-

ਪੋਥੀ ਪੁਰਾਣ ਕਮਾਈਐ

(ਅੰਗ ੨੫)

ਇਸ ਪੰਕਤੀ ਵਿਚ ਕਿਸੇ ਪੁਰਾਨ ਦਾ ਜ਼ਿਕਰ ਨਹੀਂ। ਬਲਕਿ ਇਥੇ ਪੁਰਾਣੀਆਂ ਪੋਥੀਆਂ ਦਾ ਜ਼ਿਕਰ ਹੈ, ਜਿਸ ਵਿਚ ਰੱਬ ਦਾ ਨਾਮ ਵੀ ਸ਼ਾਮਿਲ ਹੈ ਅਤੇ ਉਸ ਨੂੰ ਪ੍ਰਾਪਤ

ਕਰਨ ਦੇ ਢੰਗ, ਜੁਗਤੀਆਂ ਸਭ ਕੁਝ ਸ਼ਾਮਿਲ ਹੈ। ਇਸ ਲਈ ਤੂੰ ਉਹਨਾਂ ਪੋਥੀਆਂ ਦੀ ਕਮਾਈ ਕਰ।

ਗਿ: ਮਾਨ ਸਿੰਘ ਜੀ ਝੌਰ ਇਕ ਹੋਰ ਬਚਨ ਦੀ ਵਿਆਖਿਆ ਕਰਕੇ ਦਸਦੇ ਹਨ,

"ਵਾਹਿਗੁਰੂ ਨਾਮ ਜਹਾਜ ਹੈ ਚੜ੍ਹੇ ਸੋ ਉਤਰੇ ਪਾਰ।
ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨਹਾਰ॥

ਜਿਸ ਤਰ੍ਹਾਂ ਕੋਈ ਦੀਵਾ ਸੋਨੇ ਦਾ ਹੋਵੇ, ਉਸ ਵਿਚ ਕਸਤੂਰੀ ਦਾ ਤੇਲ ਪਿਆ ਹੋਵੇ, ਰੇਸ਼ਮ ਦੀ ਬੱਤੀ ਹੋਵੇ ਤੇ ਵੇਖਣ ਵਿਚ ਵੀ ਬਹੁਤ ਕੀਮਤੀ ਹੋਵੇ। ਪਰ ਜਦੋਂ ਤੁਸੀਂ ਹਨੇਰੇ ਵਿਚ ਬੈਠੇ ਹੋ, ਔਰ ਉਹ ਦੀਵਾ ਜਗਿਆ ਨਹੀਂ ਤਾਂ ਉਸ ਦੀ ਵੀ ਕੋਈ ਕੀਮਤ ਨਹੀਂ। ਇਸੇ ਤਰ੍ਹਾਂ ਜੇਕਰ ਕੋਈ ਅਮੀਰ ਵਿਅਕਤੀ ਹੋਵੇ, ਭਾਵੇਂ ਕਿੰਨੇ ਕੁ ਉੱਚੇ ਪਦ ਦਾ ਹੋਵੇ, ਪਰ ਜੇਕਰ ਉਸਦੇ ਹਿਰਦੇ ਵਿਚ ਪ੍ਰਮਾਤਮਾ ਦੇ ਪਿਆਰ ਦਾ ਦੀਵਾ ਨਹੀਂ ਨਾ ਜਗਿਆ, ਤਾਂ ਉਸਦਾ ਮੁੱਲ ਕੌਡੀ ਵੀ ਨਹੀਂ। ਇਸ ਵਿਆਖਿਆ ਉੱਪਰ "ਗੁਰੂ ਅਰਜਨ ਦੇਵ ਜੀ" ਦੇ ਵੀ ਬਚਨ ਹਨ,

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥

 (ਅੰਗ ੨੫੩)

ਸੋ ਜਿਸ ਦੇ ਹਿਰਦੇ ਦਾ ਮੇਲ ਪ੍ਰਮਾਤਮਾ ਨਾਲ ਹੋ ਜਾਵੇ, ਉਹ ਬਹੁਤ ਅਨਮੋਲ ਹੈ ਕੀਮਤੀ ਹੈ। ਪਰ ਕਈਆਂ ਦੇ ਅੰਦਰ ਰੱਬ ਦਾ ਭੈਅ ਬਿਲਕੁਲ ਨਹੀਂ ਕਿ ਅਸੀਂ ਕੀ ਕੰਮ ਕਰ ਰਹੇ ਹਾਂ। ਇਸ ਲਈ ਸਾਡੀਆਂ ਹਰਕਤਾਂ ਨੂੰ ਵੇਖ ਕੇ "ਗੁਰੂ ਗ੍ਰੰਥ ਸਾਹਿਬ ਜੀ ਨੇ ਹੋਕਾ ਦੇ ਦਿੱਤਾ ਹੈ,

ਲੋਗਨ ਰਾਮੁ ਖਿਲਾਉਨਾ ਜਾਨਾਂ॥
ਲੋਗਨ ਰਾਮੁ ਖਿਲਉਨਾ ਜਾਨਾਂ॥

(ਅੰਗ ੧੧੫੮)

ਲਿਬਾਸ ਸੰਤ ਵਰਗਾ ਤੇ ਮੱਥੇ ਤੇ ਵੀ ਤਿਲਕ ਲਗਾਇਆ ਹੋਇਆ ਤੇ ਹੱਥ ਵਿਚ ਮਾਲਾ ਵੀ ਫੜੀ ਹੋਈ ਹੈ। ਪਰ ਉਸਦੇ ਅੰਦਰ ਛੱਲ ਹੈ, ਕਪਟ ਹੈ, ਧੋਖਾ ਹੈ, ਇਸ ਲਈ ਲੋਕਾਂ ਨੇ ਰਾਮ ਨੂੰ ਇਕ 'ਖਿਲੌਣਾ' ਹੀ ਸਮਝ ਲਿਆ ਹੈ। ਕਿਉਂਕਿ ਸਾਡੇ ਅੰਦਰੋਂ ਉਸ ਦਾ ਡਰ ਨਿਕਲ ਗਿਆ ਹੈ।

ਇਸ ਲਈ ਤੂੰ ਗੁਰੂ ਕੋਲ ਜਾ ਕੇ ਉਸ ਸੱਚ ਨੂੰ ਬੁੱਝ। ਉਸ ਸੱਚ ਨੂੰ ਸਮਝ। ਕਿਉਂਕਿ ਉਸ ਸੱਚ ਨੂੰ ਸਮਝ ਲੈਣਾ ਇਕ ਅੱਗ ਹੈ। ਇਸ ਲਈ ਤੂੰ ਉਸ ਸੱਚ ਦੀ ਅੱਗ ਨੂੰ ਲਿਆ ਕੇ, ਸਮਝ ਦੀ ਅੱਗ ਨੂੰ ਲਿਆ ਕੇ ਆਪਣੇ ਤਨ ਦੇ ਦੀਵੇ ਦੀ ਜਿਹੜੀ ਬੱਤੀ ਹੈ, ਉਸ ਨੂੰ ਤੂੰ ਜਗਾਅ ਦੇ। ਇਸ ਨਾਲ ਤੇਰੇ ਅੰਦਰ ਦਾ ਹਨੇਰਾ ਬੁੱਝ ਜਾਵੇਗਾ ਤੇ ਚਾਨਣ ਦਾ ਦੀਵਾ ਜਗ ਜਾਏਗਾ। ਸੋ ਇਹੋ ਤੇਲ, ਇਹੋ ਦੀਵਾ, ਇਹੋ ਬੱਤੀ ਹੈ। ਇਸ ਨਾਲ ਆਪਣੇ ਮਨ ਦਾ ਭੈ ਤੂੰ ਦੂਰ ਕਰ ਲੈ। ਔਰ ਅਗਰ ਤੂੰ ਭੁਲੇਖੇ ਵਿਚ ਰਹਿ ਜਾਏਂਗਾ ਤਾਂ ਤੈਨੂੰ ਆਪਣੇ ਸਾਹਿਬ ਦਾ ਮਿਲਾਪ ਨਹੀਂ ਹੋ ਸਕੇਗਾ। ਇਸ ਲਈ ਆਪਣੇ ਮਨ ਨੂੰ ਸਾਫ਼ ਕਰ, ਆਪਣੇ ਮਨ ਨੂੰ ਪਵਿੱਤਰ ਕਰ। ਸੋ ਜਿੰਨੇ ਗੁਰੂ ਕੇ ਸਿੱਖ ਬੈਠੇ ਹੋ ਆਪਣੇ ਮਨ ਵਿਚ ਚਾਨਣਾ ਪਾ ਕੇ ਬੋਲੋ—

ਆਪੁਨਾ ਭਰਮੁ ਗਵਾਤਾ ਮਨ ਮੈਂ
ਅਪੁਨਾ ਭਰਮੁ ਗਵਾਤਾ॥

ਸੋ ਆਪਣੇ ਭਰਮ ਦੇ ਦੀਵੇ ਨੂੰ ਆਪਣੀ ਜ਼ਿੰਦਗੀ ਵਿਚੋਂ ਦੀ ਦੂਰ ਕਰ ਦੇਵੋ। ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਅਗੇ ਅਰਪਣ ਕਰ ਦੇਵੋ, ਕਿਉਂਕਿ ਸਾਡੇ ਹਰ ਤਰ੍ਹਾਂ ਦੇ ਬੰਧਨ ਕਟਣ ਵਾਲਾ ਉਹ ਸੁਆਮੀ ਆਪ ਹੈ। ਜਿਵੇਂ ਕਿ ਗੁਰਵਾਕ ਹੈਂ—

ਬੰਧਨ ਕਾਟਨਹਾਰੁ ਸੁਆਮੀ॥
ਜਨ ਨਾਨਕੁ ਸਿਮਰੈ ਅੰਤਰਜਾਮੀ॥

(ਅੰਗ ੬੮੪)

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ॥

(ਅੰਗ ੮੦੪)

ਗੁਰੂ ਸਮੱਰਥ ਹੈ ਸਾਡੇ ਬੰਧਨ ਕੱਟਣ ਦੇ ਲਈ। ਸਾਡੇ ਹਰ ਤਰ੍ਹਾਂ ਦੇ ਮਾੜੇ ਕਰਮਾਂ ਨੂੰ ਮੇਟਣ ਦੇ ਲਈ ਤੇ ਸਾਡੇ ਹਰ ਤਰ੍ਹਾਂ ਦੇ ਪੁੱਠੇ ਲੇਖਾਂ ਨੂੰ ਸਿੱਧੇ ਕਰਨ ਦੇ ਲਈ। ਜਿਵੇਂ ਕਿ ਕਿਸੇ ਦੇ ਕਰਮਾਂ ਵਿਚ ਲਿਖਿਆ ਹੈ ਕਿ ਉਸ ਨੇ ਸਤ ਸਾਲ ਗਰੀਬੀ ਭੋਗਣੀ ਹੈ, ਸਤ ਸਾਲ ਮੰਗ-ਮੰਗ ਕੇ ਗੁਜ਼ਾਰਾ ਕਰਨਾ ਹੈ। ਪਰ ਜੇਕਰ ਸਤਿਗੁਰੂ ਚਾਹੇ ਤਾਂ ਸਾਧ-ਸੰਗਤ ਜੀ ! ਗੁਰੂ ਉਹ ਗਰੀਬੀ ਸਤਾਂ ਸਾਲਾਂ ਦੀ ਬਜਾਇ ਸਤ ਮਹੀਨਿਆਂ ਵਿਚ ਹੀ ਕੱਟ ਸਕਦਾ ਹੈ। ਜੇ ਚਾਹੇ ਤਾਂ ਸਤਾਂ ਦਿਨਾਂ ਵਿਚ ਹੀ ਕੱਟ ਸਕਦਾ ਹੈ। ਔਰ ਜੇ ਚਾਹੇ ਤਾਂ ਸਤਾਂ ਘੰਟਿਆਂ, ਸਤਾਂ ਮਿੰਟਾਂ ਵਿਚ, ਸਤਾਂ ਸਕਿੰਟਾਂ ਵਿਚ ਹੀ ਕੱਟ ਸਕਦਾ ਹੈ। ਇਹ ਸਭ ਗੁਰੂ ਉੱਪਰ ਹੈ ਕਿ ਉਸ ਨੇ ਕੀ ਕਰਨਾ

ਹੈ ? ਉਸ ਨੇ ਕਿਸ ਦੇ ਹਿੱਸੇ ਵਿਚ ਖ਼ੁਸ਼ੀ ਤੇ ਕਿਸ ਦੇ ਹਿੱਸੇ ਵਿਚ ਗਮ ਲਿਖਣੇ ਨੇ। ਇਸੇ ਲਈ ਤਾਂ ਭਗਤ ਸਧਨੇ ਵੀ ਤਰਲਾ ਪਾਉਂਦਿਆਂ ਕਿਹਾ ਸੀ ਨਾ ਕਿ ਤੇਰੀ ਸ਼ਰਨ ਆਇਆਂ ਵੀ ਅਗਰ ਸਾਡੇ ਮਾੜੇ ਕਰਮਾਂ ਦਾ ਨਾਸ਼ ਨਹੀਂ ਹੋਣਾ ਤਾਂ ਫਿਰ ਤੇਰੀ ਸ਼ਰਨ ਆਉਣ ਦਾ ਕੀ ਮਜ਼ਾ ?

"ਤਵ ਗੁਣ ਕਹਾ ਜਗਤ੍ਰ ਗੁਰਾ, ਜਉ ਕਰਮ ਨਾ ਨਾਸੈ॥

(ਅੰਗ ੮੫੮)

ਪਰ ਫਿਰ ਵੀ ਗੁਰੂ ਦੀ ਸ਼ਰਨ ਜਾਣਾ ਪੈਂਦਾ ਹੈ। ਉਸ ਨੂੰ ਸੱਚੇ ਹਿਰਦੇ ਨਾਲ ਆਪਣੇ ਮਨ ਵਿਚ ਧਿਆਉਣਾ ਪੈਂਦਾ ਹੈ। ਕਿਉਂਕਿ ਸਾਡੀਆਂ ਲੋੜਾਂ ਦੀ ਪੂਰਤੀ ਕਰਨ ਵਾਲਾ ਕੇਵਲ ਇਕ ਉਹ "ਪ੍ਰਮਾਤਮਾ" ਹੀ ਹੈ। ਇਸੇ ਤਰ੍ਹਾਂ 'ਗੁਰੂ ਅਰਜਨ ਦੇਵ ਜੀ' ਨੇ ਵੀ ਆਪਣੀ ਬਾਣੀ ਵਿਚ ਪ੍ਰਮਾਤਮਾ ਦੀ ਸਿਫਤ ਕਰਦਿਆਂ ਇਹ ਬਚਨ ਕਹੇ ਹਨ ਕਿ—

"ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥੧॥ਰਹਾਉ॥
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ॥
ਨਾਮ ਬਿਨਾ ਸਭ ਦੁਨੀਆ ਛਾਰੁ॥
ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥
ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥ ੨॥
ਨੀਧਰਿਆ ਧਰ ਪਨਹ ਖੁਦਾਇ॥
ਗਰੀਬ ਨਿਵਾਜੁ ਦਿਨੁ ਰੈਣਿ ਧਿਆਇ॥ ੩॥
ਨਾਨਕ ਕਉ ਖੁਦਿ ਖਸਮ ਮਿਹਰਵਾਨ॥
ਅਲਹੁ ਨ ਵਿਸਰੈ ਦਿਲ ਜੀਅ ਪਰਾਨ॥"

(ਅੰਗ ੧੧੩੭)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਭੈਰਉ ਰਾਗ ਦੇ ਅੰਦਰ ਇਸ ਸ਼ਬਦ ਵਿਚ ਮੁਖਵਾਕ ਇਹ ਪਰਗਟ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਸੋਹਣਾ ਚੰਗਾ ਤੇ ਮਿੱਠਾ ਲੱਗਦਾ ਹੈ। ਕਿਉਂਕਿ ਨਾਮ ਦੀ ਅੰਮ੍ਰਿਤਧਾਰਾ ਵਿਚ ਇਸ਼ਨਾਨ ਕਰਨ ਨਾਲ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ। ਔਰ ਹਉਮੈ ਵੀ ਨਾਸ਼ ਹੁੰਦੀ ਹੈ, ਜਿਸ ਕਾਰਨ ਪ੍ਰਭੂ ਪ੍ਰੇਮ ਤੇ ਭਉ

ਪੈਦਾ ਹੁੰਦਾ ਹੈ। ਨਾਮ ਦੀ ਬਰਕਤ ਨਾਲ ਪ੍ਰਭੂ ਨਾਲ ਪਿਆਰ ਪਾ ਕੇ ਮਨੁੱਖ ਉਸ ਦੀ ਰਜ਼ਾ ਵਿਚ ਤੁਰਦਾ ਹੈ। ਔਰ ਜੇ ਇਨਸਾਨ ਸੰਸਾਰਕ ਪਦਾਰਥਾਂ ਵਲੋਂ ਭੁੱਖਾ ਹੈ, ਤਾਂ ਵੀ ਉਸਦਾ ਨਾਮ ਜਪ ਕੇ ਤ੍ਰਿਸ਼ਨਾ ਮਿਟਾ ਲੈਂਦਾ ਹੈ। ਔਰ ਪ੍ਰਭੂ ਦਾ ਨਾਮ ਉਸ ਨੂੰ ਇਤਨਾ ਮਿੱਠਾ ਲੱਗਦਾ ਹੈ ਕਿ ਦੁਨਿਆਵੀ ਮਿੱਠੀਆਂ ਚੀਜ਼ਾਂ ਦੇ ਰਸ ਉਸ ਨੂੰ ਫਿੱਕੇ ਜਾਪਦੇ ਨੇ। ਇਸ ਦੇ ਨਾਲ ਸਿੱਖ ਸਬਰ ਸੰਤੋਖ ਤੇ ਤਿਆਗੀ ਸੁਭਾਅ ਦਾ ਬਣ ਜਾਂਦਾ ਹੈ। ਔਰ ਨਾਮ-ਸਿਮਰਨ ਨਾਲ ਸਿੱਖ ਵਿਚ ਵਿਸ਼ਵਾਸ ਪੈਦਾ ਹੁੰਦਾ ਹੈ ਤੇ ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਕਰਨੀ ਪੈਂਦੀ।

"ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਗੀ॥

(ਅੰਗ ੯੬੧)

ਸੋ ਨਾਮ ਜਪਣਾ ਸਿੱਖੀ ਦਾ ਆਦਰਸ਼ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ ਕਿ ਪ੍ਰਭੂ ਦੀ ਪ੍ਰਾਪਤੀ ਦਾ 'ਨਾਮ ਸਿਮਰਨ' ਹੀ ਇਕੋ ਇਕ ਸਾਧਨ ਹੈ।

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥

(ਅੰਗ ੧੨)

ਇਸ ਤੋਂ ਭਾਵ ਹੈ ਕਿ ਸਿੱਖ ਨੂੰ ਕਿਰਤ ਕਾਰ ਕਰਦਿਆਂ ਹਰ ਸਮੇਂ ਪ੍ਰਭੂ ਨੂੰ ਚੇਤੇ ਰੱਖਣਾ ਚਾਹੀਦਾ ਹੈ। ਇਸ ਲਈ 'ਭਗਤ ਕਬੀਰ ਜੀ' ਦਾ ਫੁਰਮਾਣ ਹੈ—

"ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

(ਅੰਗ ੧੩੭੬)

ਇਸ ਦੇ ਅਰਥ ਕਬੀਰ ਜੀ ਫੁਰਮਾਉਂਦੇ ਹਨ ਕਿ ਗੁਰਮਤਿ ਵਿਚ ਨਾਮ ਸਿਮਰਨ ਤੋਂ ਭਾਵ ਪ੍ਰਭੂ ਦੇ ਗੁਣਾਂ ਦਾ ਚਿੰਤਨ ਕਰਨਾ ਹੈ, ਵਡਿਆਈ ਵੀਚਾਰ ਕਰਨਾ ਹੈ। ਉਸ ਦੀ ਸਲਾਹ-ਸਿਫਤ ਕਰਕੇ *ਗੁਣ ਕਹਿ ਗੁਣੀ ਸਮਾਵਣਿਆ* ਦੇ ਆਦਰਸ਼ ਨੂੰ ਪ੍ਰਾਪਤ ਕਰਨਾ ਹੈ। ਇਸ ਲਈ ਪ੍ਰਭੂ ਤੋਂ ਨਾਮ ਦੀ ਜਾਚਨਾ ਕੀਤੀ ਗਈ ਹੈ।

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥
ਗੁਣ ਗਾਵਾ ਦਿਨੁ ਰਾਤ ਨਾਨਕ ਚਾਉ ਏਹੁ॥

(ਅੰਗ ੭੬੨)

ਸੋ ਪ੍ਰਭੂ ਦਾ ਮਿੱਠਾ ਨਾਮ ਮਨੁੱਖ ਦੇ ਅੰਦਰ ਆਨੰਦ ਪੈਦਾ ਕਰਦਾ ਹੈ। ਔਰ ਦੁਨਿਆਵੀ ਪਦਾਰਥਾਂ ਤੋਂ ਦੂਰ ਰੱਖਦਾ ਹੈ।

ਪਰ ਸਤਿਗੁਰੂ ਜੀ ਸਾਨੂੰ ਵਿਚਾਰ ਅਧੀਨ ਸ਼ਬਦ ਦੇ 'ਰਹਾਉ ਵਾਲੇ ਬੰਦਾ' ਦੀ ਦੂਜੀ ਤੁੱਕ ਵਿਚ ਇਕ ਚਿਤਾਵਨੀ ਭਰਿਆ ਉਪਦੇਸ਼ ਵੀ ਕਰਦੇ ਹਨ ਕਿ ਹੇ ਭਾਈ ! ਦੁਨੀਆਂ ਦੀ ਕਿਸੇ ਵੀ ਚੀਜ਼ ਦਾ ਮਾਣ ਬਿਲਕੁਲ ਝੂਠਾ ਹੈ। ਜੇ ਮਨੁੱਖ ਹੰਕਾਰ ਵਿਚ ਆ ਜਾਵੇ ਤਾਂ ਨਾਮ ਦੀ ਦਾਤ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਫੁਰਮਾਣ ਹੈ—

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥

(ਅੰਗ ੫੬੦)

ਸੋ ਕਹਿਣ ਤੋਂ ਭਾਵ ਹੈ ਕਿ ਹਉਮੈ ਇਕ ਵੱਡਾ ਰੋਗ ਹੈ। ਇਸ ਲਈ ਹੰਕਾਰੀ ਬਿਰਤੀ ਸੰਸਾਰੀ ਵਸਤਾਂ ਦੀ ਪ੍ਰਾਪਤੀ ਲਈ ਹੀ ਜੁੜਦੀ ਹੈ। ਇਸ ਲਈ ਗੁਰੂ ਜੀ ਫੁਰਮਾਣ ਦਿੰਦੇ ਹਨ—

ਹਉਮੈ ਰੋਗੁ ਕਠਿਨ ਤਨਿ ਪੀਰਾ॥

(ਅੰਗ ੧੧੭੨)

ਸੋ ਮਨੁੱਖਾ ਜੀਵਨ ਦਾ ਮਨੋਰਥ ਪੂਰਾ ਕਰਨ ਲਈ ਸੱਚੇ ਗੁਰੂ ਤੋਂ ਸੱਚੇ ਨਾਮ ਦੀ ਦਾਤ ਪ੍ਰਾਪਤ ਕਰਕੇ ਉਸ ਪ੍ਰਭੂ ਦੀ ਰਜ਼ਾ ਵਿਚ ਰਹਿੰਦਿਆਂ ਸਬਰ ਸੰਤੋਖ ਤੇ ਪਰਉਪਕਾਰੀ ਜੀਵਨ ਬਤੀਤ ਕਰਨ ਦੀ ਲੋੜ ਹੈ, ਜਿਸ ਨਾਲ ਹੰਕਾਰ ਦੀ ਬਿਰਤੀ ਦਾ ਤਿਆਗ ਹੋ ਜਾਵੇਗਾ। ਇਸ ਨਾਲ ਪ੍ਰਭੂ ਦੀ ਕ੍ਰਿਪਾ ਦੇ ਪਾਤਰ ਬਣ ਸਕਾਂਗੇ।

ਸੋ ਗੁਰੂ ਕੇ ਸਿੱਖੋ ! ਦਿਨ-ਰਾਤ ਉਸ ਪਰਮਾਤਮਾ ਦਾ ਨਾਮ ਸਿਮਰਿਆ ਕਰੋ। ਕਿਉਂਕਿ ਦੁਨੀਆਂ ਦਾ ਮਾਣ ਥੋੜ੍ਹੀ ਦੇਰ ਤੱਕ ਹੈ ਤੇ ਪਰਮਾਤਮਾ ਦਾ ਨਾਮ ਮਿੱਠਾ, ਸੋਹਣਾ ਤੇ ਚੰਗਾ ਹੈ। ਉਹ ਸਦਾ ਰਹਿਣ ਵਾਲਾ ਹੈ, ਸਦਾ ਕਾਇਮ ਰਹਿਣ ਵਾਲਾ ਹੈ, ਇਸੇ ਲਈ ਉਹ ਸਲਾਹੁਣ ਯੋਗ ਹੈ। ਸੋ ਜਿਸ ਦੇ ਉੱਪਰ ਉਸ ਦੀ ਮਿਹਰ ਹੋ ਜਾਵੇ, ਉਸ ਨੂੰ ਕਦੇ ਆਪਣੇ ਨਾਲੋਂ ਵਿਛੋੜਦਾ ਨਹੀਂ। ਇਸ ਲਈ ਹੇ ਮਨੁੱਖ ! ਉਸ ਪ੍ਰਭੂ ਦਾ ਨਾਮ ਸਿਮਰਿਆ ਕਰ।

ਨਾਮ ਦਾ ਅਧਾਰ

ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ॥ ਰਹਾਉ॥
ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾਂ ਕਾ ਦਾਤਾ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ॥ ੨॥
ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥ ੩॥
ਵਡੈ ਭਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ॥
ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋੁਪਾਲਾ॥

(ਅੰਗ ੬੧੧)

'ਵਡੈ ਭਾਗਿ ਰਤਨ ਜਨਮੁ ਪਾਇਆ'
ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਪੀਵਹੁ ਪੁਰਖ ਗਿਆਨੀ॥

ਗੁਰੂ ਕੀ ਪਰਮ ਸਤਿਕਾਰ ਯੋਗ ਸਾਧ-ਸੰਗਤ ਜੀ ! ਆਪ ਬਹੁਤ ਵੱਡੇ ਭਾਗਾਂ ਵਾਲੇ ਹੋ, ਜੋ ਗੁਰੂ ਦੇ ਚਰਨਾਂ ਨਾਲ ਜੁੜੇ ਹੋਏ ਹੋ। ਔਰ ਗਿ: ਮਾਨ ਸਿੰਘ ਜੀ ਝੌਰ "ਮਨੁੱਖ ਜਨਮ ਦੇ ਭਲੇ ਵਾਸਤੇ" ਮਨੁੱਖੀ ਜੀਵਾਂ ਨੂੰ ਕੁਝ ਉਪਦੇਸ਼ ਦੇਣਾ ਚਾਹੁੰਦੇ ਹਨ। ਉਹ ਆਪਣੇ ਹੀ ਜੀਵਨ ਦੇ ਕੁਝ ਪੱਲਾਂ ਨੂੰ ਤੁਹਾਡੇ ਜੀਵਨ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ ਤਾਂਕਿ ਤੁਹਾਨੂੰ ਨਵੀਂ ਸੋਚ ਦੇ ਬਾਰੇ ਕੁਝ ਗਿਆਨ ਹਾਸਿਲ ਹੋ ਸਕੇ।

ਗਿ: ਜੀ ਦੱਸਦੇ ਹਨ ਕਿ ਮੈਂ ਜਦੋਂ ਮਹਾਂਪੁਰਸ਼ਾਂ ਦੀ ਚਰਨ ਸ਼ਰਨ ਵਿਚ ਕੁਝ ਅੱਖਰ ਸਿੱਖਣ ਵਾਸਤੇ ਗਿਆ ਤਾਂ ਉਹਨਾਂ ਨੇ ਇਕ ਦਿਨ ਐਵੇਂ ਹੀ ਮੌਜ ਵਿਚ ਇਹ ਗੱਲ ਕਹਿ ਦਿੱਤੀ ਕਿ ਤੁਸੀਂ 'ਹਰਿ' ਦੇ ਅਰਥ ਜਾਣਦੇ ਹੋ—

"ਹਰਿ ਰਸੁ ਪੀਵਹੁ ਪੁਰਖ ਗਿਆਨੀ

(ਅੰਗ ੬੧੧)

ਪਰ ਇਹ ਗੱਲ ਦਾ ਗਿਆਨੀ ਜੀ ਨੇ ਇਹ ਜਵਾਬ ਦਿੱਤਾ ਕਿ ਮੈਂ ਤਾਂ ਇਥੇ ਕੁਝ ਸਿੱਖਣ ਵਾਸਤੇ ਆਇਆ ਹਾਂ। ਫਿਰ ਮਹਾਂਪੁਰਸ਼ਾਂ ਨੇ ਜਵਾਬ ਦਿੱਤਾ ਕਿ ਹੁਣ ਧਿਆਨ ਧਰਿਓ—

"ਹਰਿ ਬੋਲਿਓ ਹਰਿ ਨੇ ਸੁਣਿਓ
ਹਰਿ ਗਇਓ ਹਰਿ ਕੇ ਪਾਸ।
ਹਰਿ ਤਉ ਹਰਿ ਮੈ ਮਿਲ ਗਇਓ
ਹਰਿ ਉਠ ਚਲਿਓ ਨਿਰਾਸ।

ਇਨ੍ਹਾਂ ਪੰਕਤੀਆਂ ਦੇ ਅਰਥ ਮਹਾਂਪੁਰਸ਼ ਜੀ ਇਹ ਸਮਝਾਉਂਦੇ ਹਨ ਕਿ ਹਰਿ ਬੋਲਿਓ ਭਾਵ ਕਿ ਇਕ ਥਾਂ ਹਰਿ ਬੈਠਾ ਹੋਇਆ ਹੈ ਤੇ ਉਹ ਬੋਲਿਆ ਹੈ। ਔਰ ਦੂਜੇ ਥਾਂ ਜਿਹੜਾ ਹਰਿ ਬੈਠਾ ਹੋਇਆ ਹੈ, ਉਸ ਨੇ ਹਰਿ ਦਾ ਬੋਲਿਆ ਸੁਣਿਆ। ਫਿਰ ਸੁਣਨ ਵਾਲਾ ਹਰਿ ਦੌੜ ਕੇ ਬੋਲਣ ਵਾਲੇ ਹਰਿ ਦੇ ਕੋਲ ਗਿਆ। ਔਰ ਬੋਲਣ ਵਾਲੇ ਹਰਿ ਨੇ ਵੇਖਿਆ ਕਿ ਹਰਿ ਦੌੜਦਾ ਹੋਇਆ ਮੇਰੇ ਕੋਲ ਆ ਰਿਹਾ ਹੈ। ਸੋ ਬੋਲਣ ਵਾਲਾ ਹਰਿ-ਹਰਿ ਦੇ ਕੋਲ ਲੁੱਕ ਗਿਆ। ਫਿਰ ਜਿਹੜਾ ਹਰਿ ਦੌੜ ਕੇ ਆਇਆ ਸੀ, ਉਹ ਨਿਰਾਸ਼ਾ ਹੀ ਮੁੜ ਗਿਆ। ਸੋ ਇਹ ਇਕ ਬੁਝਾਰਤ ਬਣ ਗਈ ਨਾ। ਇਥੇ 'ਹਰਿ' ਤੋਂ ਭਾਵ ਦਸਿਆ ਹੈ 'ਡੱਡੂ' ਨੂੰ। ਸੋ ਡੱਡੂ ਕਿਤੇ ਬੋਲਿਆ ਤੇ ਹਰ ਨੇ ਸੁਣਿਓ ਭਾਵ ਕਿ ਸੱਪ ਨੇ ਸੁਣਿਆ।

ਹਰ ਗਇਓ ਹਰਿ ਕੇ ਪਾਸ।

ਭਾਵ ਕਿ ਸੱਪ ਦੌੜ ਕੇ ਡੱਡੂ ਦੇ ਕੋਲ ਗਿਆ। ਕਿਉਂਕਿ ਉਸ ਨੇ ਸੋਚਿਆ ਕਿ ਇਹ ਮੇਰੀ ਖੁਰਾਕ ਹੈ ਤੇ ਮੈਂ ਭੱਜ ਕੇ ਇਸ ਨੂੰ ਖਾ ਲਵਾਂ। ਔਰ ਜਿਸ ਵੇਲੇ ਸੱਪ ਦੌੜਦਾ ਜਾ ਰਿਹਾ ਸੀ ਡੱਡੂ ਵੱਲ ਤਾਂ ਹਰ ਨੇ ਹਰਿ ਵਿਚ ਛਲਾਂਘ ਮਾਰ ਦਿੱਤੀ। ਕਹਿਣ ਤੋਂ ਭਾਵ ਕਿ ਡੱਡੂ ਨੇ ਪਾਣੀ ਵਿਚ ਛਲਾਂਘ ਮਾਰ ਦਿੱਤੀ। ਉਸ ਵਿਚ ਜਾ ਕੇ ਡੱਡੂ ਲੁੱਕ ਗਿਆ।

'ਹਰਿ ਉਠ ਚਲਿਓ ਨਿਰਾਸ'

ਇਹ ਵੇਖ ਕੇ ਸੱਪ ਨਿਰਾਸ ਹੀ ਵਾਪਿਸ ਮੁੜ ਗਿਆ। ਕਿਉਂਕਿ ਉਸ ਨੂੰ ਉਸਦੀ ਖ਼ੁਰਾਕ ਹੱਥ ਵਿਚ ਨਾ ਆਈ। ਸੋ ਹੁਣ ਹਰ ਦੇ ਤਿੰਨ ਅਰਥ ਹੋ ਗਏ।

ਹਰਿ- 'ਡੱਡੂ'

ਹਰਿ - 'ਸੱਪ'

ਹਰਿ- 'ਪਾਣੀ'

ਇਸ ਤੋਂ ਇਲਾਵਾ ਹਰਿ ਦੇ ਹੋਰ ਵੀ ਕਈ ਅਰਥ ਹਨ ਗੁਰਬਾਣੀ ਅਨੁਸਾਰ-

ਹਰਿ- ਸ਼ਿਵਜੀ।

ਹਰਿ- ਚੰਦਰਮਾ।

ਹਰਿ- ਤਲਵਾਰ।

ਹਰਿ- ਸੂਰਜ।

ਹਰਿ- ਬ੍ਰਹਮਾ।

ਹਰਿ- ਵਿਸ਼ਨੂੰ।

ਹਰਿ- ਬਗਲਾ।

ਹਰਿ- ਕਾਂ।

ਹਰਿ- ਸ਼ੇਰ।

ਹਰਿ- ਹਰਨ।

ਹਰਿ- ਹਰ ਜੱਗ ਮੌਜੂਦ।

ਹਰਿ- ਚੋਰੀ ਕਰਨਾ।

ਜਿਸ ਵੇਲੇ ਅਰਥ ਪ੍ਰਮਾਰਥ ਦੀ ਦੁਨੀਆਂ ਵਿਚ ਪੈ ਜਾਈਏ ਨਾ, ਤਾਂ ਚੁਭੀ ਮਾਰਨ ਦੇ ਬਾਵਜੂਦ ਵੀ ਇਸਦਾ ਅੰਤ ਨਹੀਂ ਪਾਇਆ ਜਾ ਸਕਦਾ। ਕਿਉਂਕਿ ਇਹਨਾਂ ਸਾਰਿਆਂ ਦੇ ਵਿਚੋਂ ਹਰਿ ਦਾ ਅਰਥ ਇਕ ਇਹ ਵੀ ਹੈ।

"ਸਤਿਨਾਮੁ ਵਾਹਿਗੁਰੂ"

ਸਾਹਿਬ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਨੇ ਹਰਿ ਦੇ ਸਬੰਧ ਵਿਚ ਕਲਯੁੱਗੀ ਜੀਵਾਂ ਦੀ ਕਲਿਆਣ ਵਾਸਤੇ ਇਕ ਹੋਕਾ ਦਿੱਤਾ ਹੈ—

ਹਰ ਸਮਾਨ ਨਹੀ ਰਾਜਾ ਕੋਈ

ਹਰ ਸਮਾਨ ਨਹੀ ਰਾਜਾ॥

ਦੁਨੀਆਂ ਵਿਚ ਕਈ ਤਰ੍ਹਾਂ ਦੇ ਰਾਜੇ ਮਹਾਰਾਜੇ ਹੋਏ ਨੇ ਤੇ ਰਾਜੇ ਵੀ ਐਸੇ ਹੋਏ ਨੇ ਕਿ ਉਹਨਾਂ ਦੀਆਂ ਗੱਲਾਂ ਸੁਣ ਕੇ ਬੜਾ ਹੀ ਹਾਸਾ ਆਉਂਦਾ ਹੈ।

ਜਿਸ ਨੂੰ ਅਸੀਂ 'ਫਰਾਊਨ' ਕਹਿੰਦੇ ਹਾਂ ਨਾ, ਉਸ ਦੇ ਦਿਲ ਵਿਚ ਇਹ ਖ਼ਿਆਲ ਆ ਗਿਆ ਕਿ ਮੈਂ ਰੱਬ ਨਾਲ ਲੜਨਾ ਹੈ। ਭਾਵ ਕਿ ਮੈਂ ਰੱਬ ਦਾ ਕੱਖ ਵੀ ਨਹੀਂ ਰਹਿਣ ਦੇਣਾ। ਪਰ ਫਿਰ ਸੋਚੀ ਪੈ ਗਿਆ ਕਿ ਰੱਬ ਦੇ ਨਾਲ ਲੜੀਏ ਕਿਸ ਤਰ੍ਹਾਂ? ਕਹਿਣ ਲੱਗਾ ਕਿ ਜੇਕਰ ਮੈਂ ਹਾਥੀ ਤੇ ਚੜ੍ਹ ਕੇ ਰੱਬ ਨਾਲ ਲੜਾਂ ਤੇ ਤਾਂ ਵੀ ਗੱਲ ਨਹੀਂ ਬਣਨੀ, ਕਿਉਂਕਿ ਰੱਬ ਦੀ ਹਸਤੀ ਬਹੁਤ ਵੱਡੀ ਹੈ। ਫਿਰ ਸੋਚਦਾ ਹੈ ਕਿ ਜੇਕਰ ਮੈਂ ਊਠ ਨਾਲ ਤੇ ਘੋੜੇ ਦੇ ਉੱਪਰ ਚੜ੍ਹ ਕੇ ਲੜਾਂ ਤਾਂ ਵੀ ਰੱਬ ਨੂੰ ਇਹ ਲੱਗਣਾ ਹੈ ਕਿ ਮੇਰੀ ਹਸਤੀ ਉਸ ਦੇ ਸਾਹਮਣੇ ਵੱਡੀ ਹੈ। ਆਖ਼ਿਰ ਵਿਚ ਉਸ ਨੇ ਇਹ ਫ਼ੈਸਲਾ ਕੀਤਾ ਕਿ ਮੈਂ ਖੋਤੇ ਦੇ ਉੱਪਰ ਚੜ੍ਹ ਕੇ ਲੜਾਂਗਾ। ਕਿਉਂਕਿ ਉਸ ਨੇ ਰੱਬ ਨੂੰ ਇੰਨੀ ਜ਼ਲੀਲ ਜਿਹੀ ਚੀਜ਼ ਸਮਝਿਆ ਹੋਇਆ ਸੀ। ਖੋਤੇ ਉੱਪਰ ਚੜ੍ਹ ਕੇ ਅੱਠ ਦਿਨ ਅਸਮਾਨ ਵੱਲ ਤੀਰ ਮਾਰਦਾ ਰਿਹਾ ਤੇ ਅੱਠਾਂ ਦਿਨਾਂ ਬਾਅਦ ਇਹ ਕਹਿਣ ਲੱਗਾ ਕਿ ਜਿਸ ਨੂੰ ਇੰਨੇ ਤੀਰ ਵੱਜੇ ਨੇ, ਉਹ ਤੇ ਹੁਣ ਮੁੱਕ ਹੀ ਗਿਆ ਹੋਣਾ ਹੈ। ਔਰ ਦੁਨੀਆਂ ਦੇ ਸਿਰ ਤੋਂ ਡਰ ਵੀ ਮੁੱਕ ਜਾਏਗਾ। ਪਰ ਵਾਹਿਗੁਰੂ ਕਿੰਨਾ ਦਇਆਲੂ ਹੈ ਕਿ ਉਸ ਨੇ ਸੋਚਿਆ ਕਿ ਜੇਕਰ ਫਰਾਊਨ ਨੂੰ ਯਕੀਨ ਨਾ ਹੋਇਆ ਨਾ ਕਿ ਰੱਬ ਮਰ ਗਿਆ ਹੈ ਤਾਂ ਇਹ ਐਵੇਂ ਹਾਵੇ ਤੇ ਹੌਕੇ ਭਰੇਗਾ। ਇਸ ਲਈ ਅੱਠ ਦਿਨ ਅਸਮਾਨ ਤੋਂ ਲਹੂ ਨਾਲ ਭਰੇ ਤੀਰ ਆ ਕੇ ਜ਼ਮੀਨ ਤੇ ਡਿੱਗਦੇ ਰਹੇ। ਇਸ ਨਾਲ ਫਰਾਊਨ ਨੂੰ ਪੂਰਾ ਯਕੀਨ ਹੋ ਗਿਆ ਕਿ ਰੱਬ ਮਰ ਗਿਆ ਹੈ। ਲੇਕਿਨ ਰੱਬ ਅਜੇ ਵੀ ਹਰ ਜਗ੍ਹਾ ਵਿਚ ਮੌਜੂਦ ਹੈ। ਲੇਕਿਨ ਫਰਾਊਨ ਦਾ ਬੁਰਿਆਂ ਆਦਮੀਆਂ ਵਿਚ ਨਾਂ ਹੈ। ਇਸ ਲਈ ਮੇਰੇ ਬਾਪੂ ਨੇ ਇਹ ਹੋਕਾ ਦਿੱਤਾ ਹੈ,

"ਹਰਿ ਬਿਸਰਤ ਸਦਾ ਖੁਆਰੀ॥
ਹਰਿ ਬਿਸਰਤ ਸਦਾ ਖੁਆਰੀ॥

(ਅੰਗ ੭੧੧)

ਗਿ: ਮਾਨ ਸਿੰਘ ਜੀ ਦੱਸਦੇ ਹਨ ਕਿ ਨੌਵੇਂ ਪਾਤਿਸ਼ਾਹ ਜੀ ਦੇ ਸਲੋਕਾਂ ਵਿਚ ਜਿੰਨੀ ਵਰਾਂ ਥਿਰੁ ਸ਼ਬਦ ਆਇਆ ਹੈ। ਉਸ 'ਥਿਰੁ' ਸ਼ਬਦ ਦੇ 'ਰੁ' ਦੇ ਥੱਲੇ ਔਂਕੜ ਹੈ। ਕੋਈ ਹੀ ਐਸਾ ਰਾਗੀ ਹੋਵੇਗਾ ਜਿਹੜਾ ਥਿਰੁ ਸ਼ਬਦ ਵਿਚ ਔਂਕੜ ਲਗਾ ਕੇ ਬੋਲਦਾ ਹੋਵੇਗਾ। ਸਾਰੇ 'ਥਿਰ' ਸ਼ਬਦ ਹੀ ਬੋਲੀ ਜਾਂਦੇ ਹਨ।

ਰਾਮੁ ਗਇਓ ਰਾਵਨੁ ਗਇਓ

ਜਦੋਂ ਰਾਵਣ ਦੇ ਹਿਰਦੇ ਵਿਚੋਂ ਰਾਮ ਚਲਿਆ ਗਿਆ ਭਾਵ ਕਿ ਜਦੋਂ ਰਾਵਣ ਦੇ ਹਿਰਦੇ ਵਿਚੋਂ ਰਾਮ ਨਿਕਲ ਗਿਆ ਤਾਂ ਉਹਦੋਂ ਰਾਵਣ ਬਰਬਾਦ ਹੋ ਗਿਆ। ਇਸ ਦੇ ਨਾਲ

ਇਕ ਪ੍ਰਮਾਣ ਵੀ ਦਿੱਤਾ ਗਿਆ ਹੈ, ਜਿਹੜਾ ਕਿ ਇਸ ਤੁੱਕ ਨਾਲ ਬਹੁਤ ਢੁਕਵਾਂ ਜਿਹਾ ਸੀ।

ਜਾ ਕਉ ਬਹੁ ਪਰਵਾਰੁ॥

(ਅੰਗ ੧੪੨੯)

ਲਿਖਿਆ ਗਿਆ ਹੈ ਇਤਿਹਾਸ ਵਿਚ ਰਾਵਣ ਦਾ ਤੇ ਬਹੁਤਾ ਪਰਿਵਾਰ ਹੈ ਪਰ ਰਾਮ ਦਾ ਤੇ ਬਹੁਤਾ ਪਰਿਵਾਰ ਨਹੀਂ। ਰਾਮ ਦੇ ਤਾਂ ਦੋ ਪੁੱਤਰ ਹੀ ਸਨ ਲਵ ਤੇ ਕੁਸ਼। ਔਰ ਆਪ ਇਹ ਚਾਰ ਭਰਾ ਸੀ ਰਾਮ, ਲਛਮਨ, ਭਰਤ ਤੇ ਸ਼ਤਰੂ ਇਹ ਚਾਰ ਪੁੱਤਰ ਦਸ਼ਰਥ ਦੇ। ਇਸ ਤੋਂ ਅਗਾਂਹ ਰਾਮ ਦਾ ਤੇ ਕੋਈ ਪਰਿਵਾਰ ਹੀ ਨਹੀਂ ਸੀ, ਪਰ ਬਹੁਤਾ ਪਰਿਵਾਰ ਤੇ ਰਾਵਣ ਦਾ ਸੀ। ਇਕ ਲੱਖ ਪੁੱਤਰ ਤੇ ਸਵਾ ਲੱਖ ਪੋਤਰਾ। ਔਰ ਜਦੋਂ ਉਸ ਦੇ ਹਿਰਦੇ ਵਿਚੋਂ ਰਾਮ ਚਲਿਆ ਗਿਆਂ ਤਾ ਉਹ ਬਰਬਾਦ ਹੋ ਗਿਆ।

ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੂ ਨਹੀ
ਸੁਪਨੇ ਜਿਉ ਸੰਸਾਰੁ॥

ਇਸ ਲਈ ਜਿੰਨੀ ਦੇਰ ਤੱਕ ਅਸੀਂ ਇਸ ਧਰਤੀ ਤੇ ਰਹਿਣਾ ਹੈ, ਉਤਨੀ ਦੇਰ ਤੱਕ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦੇ ਰਹਿਣਾ ਹੈ।

"ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥

(ਅੰਗ ੪੮੧)

ਲੰਕਾ ਗੜੁ ਸੋਨੇ ਕਾ ਭਇਆ
ਮੂਰਖੁ ਰਾਵਣੁ ਕਿਆ ਲੈ ਗਇਆ॥

....

ਹਰਿ ਬਿਸਰਤ ਸਦਾ ਖੁਆਰੀ॥
ਹਰਿ ਬਿਸਰਤ ਸਦਾ ਖੁਆਰੀ॥

(ਅੰਗ ੭੧੧)

ਜਿਹੜੇ ਦੁਨੀਆਂ ਦੇ ਬਾਦਸ਼ਾਹ ਨੇ, ਇਹ ਚਾਰ ਦਿਨਾਂ ਦੇ ਮਹਿਮਾਨ ਹਨ। ਔਰ ਜੋ ਕੁਝ ਵੀ ਇਹ ਕਰਦੇ ਨੇ, ਇਹ ਸਭ ਝੂਠਾ ਦਿਖਾਵਾ ਹੈ। ਕਿਉਂਕਿ ਇਹ ਸਭ ਇਕ ਨ ਇਕ

ਦਿਨ ਬਰਬਾਦ ਹੋ ਜਾਣ ਵਾਲਾ ਹੈ।

ਗਿ: ਜੀ ਦੱਸਦੇ ਹਨ ਕਿ ਮੈਂ ਜਦੋਂ ਯੋਗ ਵਸਿਸ਼ਟ ਪੜ੍ਹਿਆ ਨਾ ਤੇ ਉਹਦੋਂ ਉਸ ਵਿਚ ਇਕ ਬਚਨ ਆਇਆ ਕਿ 'ਰਾਮ' ਜੀ ਨੇ ਭਗਵਾਨ ਵਸਿਸ਼ਟ ਨੂੰ ਇਹ ਗੱਲ ਕਹੀ ਕਿ ਮੇਰਾ ਪੜ੍ਹਨ ਨੂੰ ਹੁਣ ਜੀਅ ਨਹੀਂ ਕਰਦਾ। ਕਿਉਂਕਿ ਇਹ ਜਗਤ ਝੂਠਾ ਹੈ, ਮਿਥਿਆ ਹੋਇਆ ਹੈ। ਔਰ ਝੂਠੇ ਜਗਤ ਵਿਚ ਰਹਿ ਕੇ ਝੂਠੀ ਵਿਦਿਆ ਦਾ ਕੀ ਪੜ੍ਹਨਾ ਹੋਇਆ ? ਅਜੇ ਰਾਮ ਜੀ ਗੱਲ ਹੀ ਕਰਦੇ ਪਏ ਸਨ ਕਿ ਇੰਨੇ ਨੂੰ ਕਾਲਾ ਸੱਪ ਫੂਕਾਂ ਮਾਰਦਾ ਹੋਇਆ ਆ ਗਿਆ। ਸੱਪ ਨੂੰ ਵੇਖ ਕੇ ਰਾਮ ਜੀ ਦੌੜ ਪਏ, ਪਰ ਸੱਪ ਆਪਣੇ ਰਸਤੇ ਵੱਲ ਨੂੰ ਤੁਰ ਪਿਆ ਤੇ ਰਾਮ ਜੀ ਫਿਰ ਆਪਣੀ ਜਗ੍ਹਾ ਤੇ ਆ ਕੇ ਬੈਠ ਗਏ। ਫਿਰ ਵਸ਼ਿਸ਼ਟ ਜੀ ਕਹਿਣ ਲੱਗੇ- ਕਿ ਤੁਸੀਂ ਤਾਂ ਕਹਿੰਦੇ ਸੀ ਕਿ ਇਹ ਜਗਤ ਮਿਥਿਆ ਹੋਇਆ ਹੈ ਤੇ ਫਿਰ ਇਹ ਸੱਪ ਵੀ ਤਾਂ ਉਸੇ ਹੀ ਜਗਤ ਵਿਚੋਂ ਹੈ। ਸੋ ਇਸ ਨੂੰ ਵੇਖ ਕੇ ਤੁਸੀਂ ਦੌੜੇ ਕਿਉਂ ? ਤਾਂ ਰਾਮ ਜੀ ਹੱਸ ਕੇ ਕਹਿਣ ਲੱਗੇ ਕਿ ਮੇਰਾ ਇਹ ਦੌੜਨਾ ਵੀ ਤੇ ਇਸ ਜਗਤ ਦੇ ਵਿਚੋਂ ਦੀ ਹੈ। ਇਹ ਵੀ ਤਾਂ ਮਿਥਿਆ ਹੀ ਹੋਇਆ ਹੈ। ਔਰ ਮੈਂ ਕਿਹੜਾ ਹਕੀਕੀ ਤੌਰ ਤੇ ਦੌੜਿਆ ਹਾਂ, ਦੌੜ ਕੇ ਵਾਪਿਸ ਫਿਰ ਤੁਹਾਡੇ ਕੋਲ ਹੀ ਤੇ ਆ ਗਿਆ ਹਾਂ। ਇਸ ਲਈ ਇਹ ਜਿੰਨੇ ਵੀ ਦੁਨੀਆਂ ਦੇ ਸਭ ਰਾਜੇ ਨੇ, ਇਹ ਸਭ ਝੂਠੇ ਨੇ। ਝੂਠੀ ਪ੍ਰਭਤਾ ਬਣਾਉਨ ਵਾਲੇ ਨੇ। ਇਸੇ ਲਈ ਮੇਰੇ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ ਕਿ ਜਿਸ ਵਾਹਿਗੁਰੂ ਦੀ ਜਾਣ ਪਹਿਚਾਣ ਕੁਦਰਤ ਨਾਲ ਹੋ ਰਹੀ ਹੈ ਨਾ, ਉਹ ਸੱਚਾ ਹੈ ਸਦੀਵੀ ਹੈ।

"ਕਮਾਲਹਿ ਕਰਾਮਾਤ.....

ਹਜ਼ੂਰ ਕਹਿੰਦੇ ਨੇ ਮੇਰੇ ਵਾਹਿਗੁਰੂ ਨੂੰ ਕਰਾਮਾਤ ਵਿਚ ਕਮਾਲ ਹਾਸਿਲ ਹੈ। ਗਿਆਨੀ ਜੀ ਦੱਸਦੇ ਹਨ ਕਿ ਮੈਂ ਇਕ ਵੇਰਾਂ ਕਾਬਲ ਵਿਚ ਜਾ ਕੇ ਕੱਥਾ ਕੀਤੀ ਹੈ ਤੇ ਉਹਨਾਂ ਲੋਕਾਂ ਨੇ ਬੜਾ ਪਿਆਰ ਕੀਤਾ ਮੇਰੇ ਨਾਲ। ਸਵੇਰ ਹੁੰਦਿਆਂ ਹੀ ਇਕ ਲੜਕੀ ਆ ਗਈ ਤੇ ਉਹ ਇਕ ਪਾਉ ਅੰਗੂਰਾਂ ਦਾ ਗੁੱਛਾ ਲੈ ਆਈ ਮੇਰੇ ਵਾਸਤੇ। ਉਸ ਦੇ ਬਾਅਦ ਇਕ ਗੁਰੂ ਦਾ ਸਿੱਖ ਅਨਾਰ ਲੈ ਆਇਆ। ਫਿਰ ਮਾਤਾ ਆ ਗਈ ਤੇ ਉਹ ਇਕ ਵੱਡਾ ਸੇਬ ਲੈ ਆਈ। ਇਹ ਸਭ ਕੁਝ ਮੈਂ ਖਾ ਲਿਆ। ਇਸ ਨਾਲ ਮੇਰਾ ਪੇਟ ਭਰ ਗਿਆ ਤੇ ਜਦੋਂ ਰੋਟੀ ਦਾ ਵੇਲਾ ਹੋਇਆ ਤਾਂ ਮੈਂ ਇਕ ਰੋਟੀ ਖਾਧੀ। ਇਹ ਵੇਖਕੇ ਜਿਹੜੇ ਘਰ ਦੇ ਲੋਕ ਸੀ, ਉਹ ਕਹਿਣ ਲੱਗੇ ਕਿ ਇਹਨਾਂ ਨੂੰ ਤੇ 'ਨਾਮ' ਦਾ ਹੀ ਅਧਾਰ ਹੈ। ਇਹ ਸੰਤ ਰੋਟੀ ਨਹੀਂ ਖਾਂਦੇ।

ਅਸੀਂ ਸਾਰੇ ਪਾਖੰਡ ਦੇ ਪਿੱਛੇ ਬਹੁਤ ਪੈਂਦੇ ਹਾਂ ਤੇ ਇਸ ਦੇ ਪੁਜਾਰੀ ਵੀ ਬਹੁਤ ਬਣਦੇ

ਹਾਂ। ਸੋ ਰੋਟੀ ਨਾ ਖਾਣੀ ਗੁਰਮਤਿ ਦੇ ਵਿਚ ਪਾਖੰਡ ਹੈ। ਪਰ ਅਸੀਂ ਉਸ ਦੇ ਹੀ ਪੁਜਾਰੀ ਹਾਂ।

ਇਕ ਹੋਰ ਗੱਲ ਗਿਆਨੀ ਜੀ ਦੱਸਦੇ ਹਨ ਕਿ ਜਿਹੜਾ ਸਾਡਾ ਸੁਭਾਅ ਹੈ ਨਾ ਇੰਡੀਆ ਵਿਚ ਜਾਂ ਇੰਡੀਆ ਤੋਂ ਬਾਹਰ, ਉਹ ਇੰਨਾ ਭੈੜਾ ਹੋ ਗਿਆ ਹੈ ਕਿ ਅਸੀਂ ਰਾਗੀ ਸਿੰਘਾਂ ਨੂੰ ਬਾਣੀ ਕੰਠ ਕਰਨ ਤੋਂ ਤੇ 'ਆਸਾ ਦੀ ਵਾਰ' ਲਾਉਣ ਤੋਂ ਆਪ ਹੀ ਹਟਾ ਦਿੱਤਾ ਹੈ। ਸਾਡੀ ਐਸੀ ਚਾਲ ਬਣ ਗਈ ਹੈ ਕਿ ਅਸੀਂ ਆਪ ਹੀ ਉਹਨਾਂ ਨੂੰ ਬਾਣੀ ਪੜ੍ਹਨ ਲਈ ਬੰਦ ਕਰ ਦਿੱਤਾ ਹੈ।

ਮੈਂ ਦੁਨੀਆਂ ਵਿਚ ਕਈ ਸ਼ਹਿਰਾਂ ਵਿਚ ਵੇਖਿਆ ਹੈ ਕਿ ਜਦੋਂ ਸਿੱਖਾਂ ਦੇ ਵਿਆਹ ਹੁੰਦੇ ਨੇ ਤੇ ਦਰਖ਼ੱਤਾਂ ਨਾਲ ਲਾਟੂ, ਸ਼ਾਖਾਵਾਂ ਨਾਲ ਲਾਟੂ ਤੇ ਜਿਹੜੇ ਪ੍ਰਾਹੁਣੇ ਆਉਂਦੇ ਨੇ ਉਹਨਾਂ ਵਾਸਤੇ ਵਿਸਕੀ, ਮੁਰਗੇ, ਕੀਮਾਂ ਤੇ ਕਈ ਤਰ੍ਹਾਂ ਦੇ ਪਾਖੰਡ ਕਰਦੇ ਨੇ। ਔਰ ਜਦੋਂ ਕੋਈ ਲੂਲ੍ਹਾ ਲੰਗੜਾ ਆ ਜਾਂਦਾ ਹੈ ਤੇ ਉਸ ਨੂੰ ਸੁੱਕੀ ਰੋਟੀ ਤੱਕ ਵੀ ਨਹੀਂ ਪੁੱਛਦੇ, ਸਗੋਂ ਧੱਕੇ ਮਾਰ ਕੇ ਬਾਹਰ ਕੱਢਦੇ ਨੇ ਤੇ ਕਹਿੰਦੇ ਨੇ ਕਿ ਇਹ ਸਭ ਕੁਝ ਤੇਰੇ ਵਾਸਤੇ ਥੋੜੀ ਬਣਾਇਆ ਹੈ ? ਫਿਰ ਜਦੋਂ ਸਵੇਰੇ ਵਿਆਹ ਦਾ ਦਿਨ ਆਉਂਦਾ ਹੈ ਤਾਂ ਰਾਗੀ ਸਿੰਘ ਵੀ ਕੀਰਤਨ ਕਰਨ ਵਾਸਤੇ ਆ ਜਾਂਦੇ ਨੇ। ਵੀਚਾਰੇ ਦੋ ਘੰਟੇ ਲਗਾਤਾਰ ਕੀਰਤਨ ਕਰਦੇ ਨੇ ਤੇ ਪਸੀਨੇ ਨਾਲ ਭਿੱਜ ਜਾਂਦੇ ਨੇ। ਪਰ ਉਹਨਾਂ ਦੇ ਕੀਰਤਨ ਦੀ ਕੋਈ ਕਦਰ ਹੀ ਨਹੀਂ ਕਰਦਾ। ਬੜੀਆਂ ਸੋਚਾਂ ਸੋਚ ਕੇ ਮੁੰਡੇ ਦਾ ਪਿਉ ਇਕ ਰੁਪੱਇਆ ਜੇਬੇ ਵਿਚੋਂ ਦੀ ਕੱਢ ਕੇ, ਉਸ ਨੂੰ ਚੰਗੀ ਤਰ੍ਹਾਂ ਵੇਖ ਕੇ ਫਿਰ ਰਾਗੀ ਸਿੰਘਾਂ ਦੇ ਵਾਜੇ ਤੇ ਰੱਖਦਾ ਹੈ। ਜਿਨ੍ਹਾਂ ਨੇ ਚੌਵੀ ਸਲੋਕ ਬੋਲੇ ਨੇ ਤੇ ਦੋ ਘੰਟੇ ਕੀਰਤਨ ਕੀਤਾ ਹੈ ਉਹਨਾਂ ਨੂੰ ਸਿਰਫ ਇਕ ਰੁੱਪਏ ਦਾ ਨੋਟ ਮਿਲਿਆ ਹੈ। ਔਰ ਜਿਸ ਵੇਲੇ ਇਕ ਕਵੀ ਆ ਜਾਂਦਾ ਹੈ ਨਾ ਕਿ ਮੈਂ ਸਿਹਰਾ ਪੜ੍ਹਨਾ ਹੈ। ਰਹਿਤ ਦਾ ਕੋਈ ਪਤਾ ਨਹੀਂ ਹੁੰਦਾ। ਫਿਰ ਉਹ ਸਿਹਰਾ ਪੜ੍ਹਦਾ ਹੈ ਕਿ ਸਿਹਰੇ ਵਾਲਿਆ ਅੱਜ ਮੈਨੂੰ ਪਰ ਲੱਗ ਗਏ ਤੇ ਮੈਂ ਉੱਡ ਗਿਆ। ਉੱਡ ਕੇ ਮੈਂ ਅਸਮਾਨ ਤੇ ਪਹੁੰਚ ਗਿਆ ਤੇ ਉਥੇ ਮੈਨੂੰ ਤੇਰੇ ਨਾਨਾ ਜੀ ਮਿਲ ਗਏ। ਫਿਰ ਮੈਂ ਉਤਰ ਆਇਆ ਹਾਂ ਧਰਤੀ ਦੇ ਤਖਤੇ ਉਤੇ ਤੇ ਸਮੁੰਦਰ ਵਿਚ ਜਾ ਕੇ ਮੈਂ ਜਿਉਂ ਚੁੱਭੀ ਮਾਰੀ ਤੇ ਉਥੇ ਮੈਨੂੰ ਤੇਰੀ ਦਾਤੀ ਮਿਲ ਗਈ। ਉਹਨਾਂ ਕੋਲੋਂ ਮੈਂ ਧਾਗਾ ਲਇਆ। ਜਿਸ ਵੇਲੇ ਜ਼ਮੀਨ ਤੇ ਅਸਮਾਨ ਦੇ ਕਲਾਵੇ ਮਿਲਾ ਦਿੰਦਾ ਹੈ ਨਾ ਝੂਠ ਮਿਲਾ ਕੇ ਤੇ ਫਿਰ ਉਸ ਮੁੰਡੇ ਦਾ ਪਿਉ ਖ਼ੁਸ਼ ਹੋ ਕੇ ਸੌ ਰੁੱਪਏ ਦਾ ਨੋਟ ਕੱਢ ਕੇ ਉਹਨਾਂ ਝੂਠਿਆਂ ਨੂੰ ਦੇ ਦਿੰਦਾ ਹੈ। ਉਹ ਜਿਹੜੇ ਰਾਗੀ ਬੈਠੇ ਹੁੰਦੇ ਨੇ, ਉਹਨਾਂ ਦੇ ਦਿਲ ਤੇ ਲਕੀਰ ਖਿੱਚੀ ਜਾਂਦੀ ਹੈ। ਕਿ ਅਸੀਂ ਦੋ ਘੰਟੇ ਤੱਕ ਕੀਰਤਨ ਕੀਤਾ ਹੈ ਤੇ ਚੌਵੀ ਸਲੋਕ ਪੜ੍ਹੇ ਨੇ ਤੇ ਰੁਪਇਆ ਇਕ ਮਿਲਿਆ ਹੈ। ਔਰ ਝੂਠ ਬੋਲਣ ਵਾਲੇ

ਨੂੰ ਪੰਜਾਂ ਮਿੰਟਾਂ ਵਿਚ ਸੌ ਰੁਪਏ ਮਿਲ ਗਏ। ਫਿਰ ਸਾਨੂੰ ਕੀ ਲੋੜ ਪਈ ਹੈ ਕੀਰਤਨ ਕਰਨ ਦੀ। ਸਾਨੂੰ ਕੀ ਲੋੜ ਪਈ ਹੈ ਆਸਾ ਦੀ ਵਾਰ ਕਰਨ ਦੀ। ਕਵਿਤਾ ਪੜ੍ਹਿਆ ਕਰਾਂਗੇ ਤੇ ਆਨੰਦ ਲਿਆ ਕਰਾਂਗੇ। ਅਸੀਂ ਆਪ ਹੀ ਰਾਗੀਆਂ ਨੂੰ ਕੀਰਤਨ ਕਰਨਾ ਬੰਦ ਕਰਵਾ ਦੇਣਾ ਹੈ। ਬਸ ਇਥੋਂ ਹੀ ਤੇ ਸਾਡਾ ਰਵੱਈਆ ਗਲਤ ਹੋ ਗਿਆ ਹੈ।

ਸੋ ਜਿਸ ਵਾਹਿਗੁਰੂ ਦੀ ਕਲਿਆਣ ਕਰਨੀ ਸੀ, ਉਸ ਦੇ ਵਲੋਂ ਤਾਂ ਹੋ ਗਏ ਹਾਂ ਪਿਛਾਂਹ। ਔਰ ਜਿਹੜੀਆਂ ਝੂਠੀਆਂ ਚੀਜ਼ਾਂ ਨੇ, ਉਹਨਾਂ ਵੱਲ ਅਸੀਂ ਦੌੜੀ ਜਾਂਦੇ ਹਾਂ। ਹਜ਼ੂਰ ਕਹਿੰਦੇ ਨੇ-

ਦੇਖ ਵਿਧਾਨ......

ਇਨ੍ਹਾਂ ਪੰਕਤੀਆਂ ਤੋਂ ਭਾਵ ਹੈ ਕਿ ਮੈਂ ਨਿਰੰਕਾਰ ਦੀ ਅਸਚਰਜਤਾ ਨੂੰ ਵੇਖਿਆ ਹੈ। ਉਸ ਦੀ ਅਸਚਰਜਤਾ ਦੇ ਦੀਦਾਰ ਕੀਤੇ ਨੇ ਔਰ ਉਸ ਦੀ ਅਸਚਰਜਤਾ ਵੇਖ ਕੇ ਮੈਂ ਬਹੁਤ ਹੈਰਾਨ ਹੋ ਗਿਆ।

ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਪੀਵਹੁ ਪੁਰਖ ਗਿਆਨੀ॥

'ਕਮਾਲਹਿ ਕਰਾਮਾਤ'

ਇਸ ਤੋਂ ਭਾਵ ਹੈ ਕਿ ਮੇਰੇ ਵਾਹਿਗੁਰੂ ਨੂੰ ਕਰਾਮਾਤ ਵਿਚ ਕਮਾਲ ਹਾਸਿਲ ਹੈ। ਜਿਹੋ ਜਿਹੀ ਅਲੌਕਿਕ ਕਰਾਮਾਤ ਮੇਰੇ ਵਾਹਿਗੁਰੂ ਨੂੰ ਆਉਂਦੀ ਹੈ, ਐਸੀ ਹੋਰ ਕਰਾਮਾਤ ਕਿਸੇ ਨੂੰ ਦੁਨੀਆਂ ਵਿਚ ਆਉਂਦੀ ਹੀ ਨਹੀਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬਚਨ ਕਰੀਏ,

"ਧਰਤੀ ਤੇ ਅਕਾਸਿ ਚਢਾਵੈ
ਚਢੇ ਅਕਾਸਿ ਗਿਰਾਵੈ॥

(ਅੰਗ ੧੨੫੨)

ਕਮਾਲਹਿ ਕਰਾਮਾਤ॥

ਜਲ ਤੇ ਥਲ ਕਰਿ ਥਲ ਤੇ ਕੂਆ

(ਅੰਗ ੧੨੫੨)

ਕਮਾਲਹਿ ਕਰਾਮਾਤਿ॥

ਇਕ ਮਾਸਾਹਾਰੀ

ਹਜ਼ੂਰ ਕਹਿੰਦੇ ਨੇ ਧਰਤੀ ਤੇ ਕਈ ਐਸੇ ਜੀਵ ਨੇ ਜਿਹੜੇ ਸਿਵਾਏ ਮਾਸ ਤੋਂ ਹੋਰ ਕੁਝ

ਵੀ ਨਹੀਂ ਖਾਂਦੇ। ਆਖ਼ਿਰ ਇਨ੍ਹਾਂ ਨੂੰ ਵੀ ਤੇ ਵਾਹਿਗੁਰੂ ਦਿੰਦਾ ਹੀ ਹੈ ਨਾ।

ਇਕ ਪਰਿੰਦਾ ਵੀ ਦੱਸਦੇ ਨੇ ਜਿਹੜਾ ਸਿਰਫ ਮਾਸ ਹੀ ਖਾਂਦਾ ਹੈ। ਪਰ ਇਹ ਉਹ ਮਾਸ ਖਾਂਦਾ ਹੈ। ਜਿਹੜਾ ਸ਼ੇਰ ਦੀਆਂ ਦਾਹੜਾਂ ਵਿਚ ਫਸਿਆ ਹੋਇਆ ਹੋਵੇ। ਔਰ ਇਹ ਖਾਂਦਾ ਇਸ ਤਰੀਕੇ ਦੇ ਨਾਲ ਹੈ ਕਿ ਜਿਸ ਵੇਲੇ ਸ਼ੇਰ ਆਪਣਾ ਪੇਟ ਭਰਨ ਤੋਂ ਬਾਅਦ ਅਵਾਸੀ ਲੈਂਦਾ ਹੈ ਨਾ ਤੇ ਅਵਾਸੀ ਵੀ ਕੋਈ ਦੋ ਚਾਰ ਘੰਟਿਆਂ ਦੀ ਤੇ ਨਹੀਂ ਹੁੰਦੀ, ਐਵੇਂ ਸਕਿੰਟ ਕੁ ਦੀ ਹੀ ਹੁੰਦੀ ਹੈ ਨਾ। ਜਿਸ ਵੇਲੇ ਉਹ ਮੂੰਹ ਖੋਲ੍ਹਦਾ ਹੈ ਨਾ ਪਰਿੰਦਾ ਉਸੇ ਵੇਲੇ ਹੀ ਉੱਡ ਕੇ ਤੇ ਜਲਦੀ ਨਾਲ ਉਸ ਦੇ ਮੂੰਹ ਵਿਚੋਂ ਦੀ ਦਾਹੜਾਂ ਵਿਚ ਫਸਿਆ ਹੋਇਆ ਮਾਸ ਕੱਢ ਕੇ ਲੈ ਜਾਂਦਾ ਹੈ। ਇਸੇ ਦੇ ਨਾਲ ਹੀ ਉਸ ਪਰਿੰਦੇ ਦਾ ਵੀ ਪੇਟ ਭਰ ਜਾਂਦਾ ਹੈ। ਆਖ਼ਿਰ ਇਸ ਪਰਿੰਦੇ ਨੂੰ ਵੀ ਤੇ ਵਾਹਿਗੁਰੂ ਆਪ ਹੀ ਖ਼ੁਰਾਕ ਦਿੰਦਾ ਹੈ ਨਾ। ਇਹ ਸਭ ਕਰਾਮਾਤ ਉਸੇ ਦੀ ਹੀ ਹੈ। ਪਰ ਸਾਨੂੰ ਵਿਸ਼ਵਾਸ ਦੁਨੀਆਂ ਤੇ ਹੈ। ਸੋ ਸਾਹਿਬ ਨੇ ਖ਼ੁਰਾਕ ਦਾ ਜ਼ਿਕਰ ਕਰਦਿਆਂ ਕਰਦਿਆਂ ਸਾਨੂੰ ਕਈ ਗੱਲਾਂ ਦੱਸ ਦਿੱਤੀਆਂ।

ਗਿ: ਜੀ ਇਕ ਹੋਰ ਜ਼ਿਕਰ ਸੁਣਾਉਂਦੇ ਹਨ ਕਿ ਪੰਜਾਬ ਵਿਚ ਇਕ ਢਾਡੀ ਹੁੰਦਾ ਸੀ ਕ੍ਰਿਸ਼ਨ ਸਿੰਘ। ਉਹ ਬੜੀਆਂ ਗੱਲਾਂ ਸੁਣਾਉਂਦਾ ਸੀ। ਕਹਿੰਦਾ ਕਿ ਕਈ ਬੀਬੀਆਂ ਇਕੋ ਦੇਗ ਤੇ ਤਿੰਨ ਤਿੰਨ ਦਾਲਾਂ ਪੱਕਾਅ ਲੈਂਦੀਆਂ ਹਨ। ਇਹ ਸੁਣ ਕੇ ਇਕ ਸਿੱਖ ਨੇ ਪੁੱਛਿਆ, ਉਹ ਕਿਸ ਤਰ੍ਹਾਂ ? ਕਹਿੰਦੇ ਕਿ ਦਾਲ ਚੁੱਲੇ ਤੇ ਰੱਖ ਕੇ ਗੱਲਾਂ ਗੁਆਂਢਣ ਨਾਲ ਕਰਨ ਚਲੀ ਜਾਂਦੀ ਹੈ। ਹੇਠਲੀ ਸੜ ਜਾਂਦੀ ਹੈ, ਉਪਰਲੀ ਕੱਚੀ ਰਹਿ ਜਾਂਦੀ ਹੈ ਤੇ ਵਿਚਲੀ ਪੱਕ ਜਾਂਦੀ ਹੈ। ਸੋ ਪੱਕ ਗਈਆਂ ਨਾਲ ਇਕੋ ਹੀ ਪਤੀਲੇ ਵਿਚ ਤਿੰਨ ਦਾਲਾਂ। ਸੋ ਰਸੋਈ ਵਿਚ ਕੰਮ ਕਰਨਾ ਬਹੁਤ ਹੀ ਵੱਡਾ ਇਲਮ ਹੈ। ਇਸਦੀ ਜਾਚ ਕਿਸੇ ਕਿਸੇ ਨੂੰ ਹੀ ਆ ਸਕਦੀ ਹੈ। ਫਿਰ ਮਨੁੱਖ ਨੂੰ ਵੀ ਤੇ ਛੱਤੀ ਪ੍ਰਕਾਰ ਦੇ ਭੋਜਨ ਵਾਹਿਗੁਰੂ ਦਿੰਦਾ ਹੀ ਹੈ ਨਾ। ਇਕ ਧਰਤੀ ਵਿਚ ਰਹਿਣ ਵਾਲੇ ਜੀਵ ਨੇ। ਜਿਵੇਂ ਡੱਡੂ, ਸੱਪ, ਗੰਡੋਏ। ਇਹ ਸਭ ਮਿੱਟੀ ਖਾਂਦੇ ਨੇ ਤੇ ਵਾਹਿਗੁਰੂ ਇਨ੍ਹਾਂ ਨੂੰ ਮਿੱਟੀ ਦਿੰਦਾ ਹੀ ਹੈ ਨਾ।

ਜਿਹੜੇ ਜੋਗੀ ਨੇ, ਉਹ ਆਪਣੇ ਸਵਾਸ ਰੋਕਣ ਨੂੰ ਹੀ ਆਪਣੀ ਖ਼ੁਰਾਕ ਸਮਝਦੇ ਨੇ। ਫਿਰ ਵਾਹਿਗੁਰੂ ਇਨ੍ਹਾਂ ਨੂੰ ਉਹ ਸ਼ਕਤੀ ਪ੍ਰਦਾਨ ਕਰਦਾ ਹੀ ਹੈ ਨਾ।

"ਇਕ ਨਿਰੰਕਾਰੀ ਨਾਮ ਅਧਾਰ"

ਇਸ ਦੇ ਵੀ ਉਹੀ ਅਰਥ ਹਨ ਕਿ ਇਕ ਨਾਮ ਆਸਰੇ ਰਹਿਣ ਵਾਲੇ ਨੇ ਤੇ ਉਹ ਨਾਮ ਦਾ ਹੀ ਭੋਜਨ ਕਰਦੇ ਨੇ। ਇਸ ਲਈ ਵਾਹਿਗੁਰੂ ਉਹਨਾਂ ਨੂੰ ਵੀ ਆਪਣੇ ਨਾਮ ਦਾ ਹੀ ਭੋਜਨ

ਦਿੰਦਾ ਹੈ।

ਜੀਵੈ ਦਾਤਾ ਮਰੈ ਨ ਕੋਇ॥

ਮੇਰਾ ਬਾਪੂ ਇਹ ਗੱਲ ਕਹਿੰਦਾ ਹੈ ਕਿ ਜਿੰਨਾ ਚਿਰ ਮੇਰਾ ਦਾਤਾ ਦੇਣ ਵਾਲਾ ਰਿਜ਼ਕ ਦਿੰਦਾ ਹੈ ਨਾ ਓਨਾਂ ਚਿਰ ਕੋਈ ਭੁੱਖਾ ਨਹੀਂ ਰਹਿ ਸਕਦਾ।

ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥

(ਅੰਗ ੧੪੪)

ਇਸ ਤੋਂ ਭਾਵ ਹੈ ਕਿ ਉਹ ਮਨੁੱਖ ਲੁੱਟੇ ਜਾਣਗੇ ਠੱਗੇ ਜਾਣਗੇ, ਜਿਹੜਾ ਤਮਾਮ ਦੁਨੀਆਂ ਨੂੰ ਮਨ-ਭਾਉਂਦੀ ਖ਼ੁਰਾਕ ਦਿੰਦਾ ਹੈ। ਉਸ ਵਾਹਿਗੁਰੂ ਨੂੰ ਇਹ ਯਾਦ ਨਹੀਂ ਕਰਦੇ। ਸੋ ਜਿਨ੍ਹਾਂ ਦੇ ਮਨ ਅੰਦਰ ਉਹ ਵਾਹਿਗੁਰੂ ਨਹੀਂ ਨਾ ਵੱਸਿਆ, ਨਹੀਂ ਨਾ ਟਿਕਿਆ, ਉਹ ਦੁਨੀਆਂ ਦੀਆਂ ਸਾਰੀਆਂ ਖ਼ੁਸ਼ੀਆਂ ਨੂੰ ਕਦੇ ਵੀ ਆਪਣੀ ਜ਼ਿੰਦਗੀ ਵਿਚ ਵੇਖ ਨਹੀਂ ਸਕਣਗੇ। ਇਸ ਲਈ ਜੇਕਰ ਨੂੰ ਖ਼ੁਸ਼ੀਆਂ ਚਾਹੁੰਦਾ ਹੈ ਤਾਂ

ਹਰਿ ਰਸੁ ਪੀਵਹੁ ਪੁਰਖ ਗਿਆਨੀ॥

ਪੀਵਹੁ ਪੁਰਖ ਗਿਆਨੀ॥

ਸੋ ਫਿਰ ਤੋਂ ਰਸਨਾ ਨਾਲ ਪਵਿੱਤਰ ਕਰੋ,

"ਕਮਾਲਹਿ ਕਰਾਮਾਤ"

ਸੋ ਕਹਿਣ ਤੋਂ ਉਹੀ ਭਾਵ ਕਿ ਮੇਰੇ ਵਾਹਿਗੁਰੂ ਨੂੰ ਕਰਾਮਾਤ ਵਿਚ ਕਮਾਲ ਹਾਸਿਲ ਹੈ।

ਕਮਾਲਹਿ ਕਰਾਮਾਤ ਕਾਇਮ ਕਰੀਠ॥

ਇਸ ਤੋਂ ਭਾਵ ਹੈ ਕਿ ਵਾਹਿਗੁਰੂ ਸਦਾ ਕਾਇਮ ਰਹਿਣ ਵਾਲਾ ਹੈ। ਦੁਨੀਆਂ ਤੇ ਕਰਾਮਤ ਕਰਨ ਵਾਲਾ ਹੈ।

ਕਮਾਲਹਿ ਕਰਾਮਾਤ ਕਾਇਮ ਕਰੀਨ ਰਜਾ ਬਖਸੋ॥

ਇਨ੍ਹਾਂ ਦੇ ਅਰਥ ਹਜ਼ੂਰ ਦੱਸਦੇ ਹਨ ਕਿ ਜਿਹੜਾ ਵਾਹਿਗੁਰੂ ਦੀ ਮਰਜ਼ੀ ਦੇ ਅਨੁਸਾਰ ਰਹਿੰਦਾ ਹੈ ਤੇ ਉਹਨਾਂ ਦੀ ਮਰਜ਼ੀ ਦੇ ਅਨੁਸਾਰ ਚਲਦਾ ਹੈ। ਵਾਹਿਗੁਰੂ ਉਹਨਾਂ ਦੀ ਜ਼ਿੰਦਗੀ ਵਿਚ ਫਿਰ ਖ਼ੁਸ਼ੀਆਂ ਹੀ ਖ਼ੁਸ਼ੀਆਂ ਭਰ ਦਿੰਦਾ ਹੈ। ਔਰ ਵਾਹਿਗੁਰੂ ਵਿਚ ਵੱਡੀ ਖ਼ੂਬੀ ਇਹ ਹੈ ਕਿ ਉਹ ਰਹਿਮ ਦਾ ਪੁਤਲਾ ਹੈ, ਦਇਆ ਦਾ ਪੁਤਲਾ ਹੈ ਤੇ ਮਿਹਰਬਾਨੀ ਦੀ ਸੂਰਤ ਹੈ।

ਅਸੀਂ ਕਦੇ 'ਰੱਬ ਦੀ ਕਿਤਾਬ' ਪੜ੍ਹੀ ਨਹੀਂ ਤੇ ਨਾ ਹੀ ਉਸ ਨੂੰ ਕਦੇ ਪੜ੍ਹਨ ਦੀ ਕੋਸ਼ਿਸ਼

ਕੀਤੀ ਹੈ। ਰੱਬ ਦੀ ਕਿਤਾਬ ਦੀ ਇਕ ਛੋਟੀ ਜਿਹੀ ਸਤਰ ਹੈ 'ਚੰਦਰਮਾ'। ਜਦੋਂ ਉਹ ਚੜ੍ਹਦਾ ਹੈ ਤਾਂ ਸਾਰਿਆਂ ਨੂੰ ਇਕੋ ਜਿਹੀ ਰੌਸ਼ਨੀ ਦਿੰਦਾ ਹੈ। ਕਿਸੇ ਦੇ ਘਰ ਘੱਟ ਤੇ ਕਿਸੇ ਦੇ ਘਰ ਵੱਧ ਰੌਸ਼ਨੀ ਨਹੀਂ ਦਿੰਦਾ ਮੇਰਾ ਵਾਹਿਗੁਰੂ। ਉਹ ਸਾਰਿਆਂ ਨੂੰ ਇਕੋ ਹੀ ਨਜ਼ਰ ਨਾਲ ਵੇਖਦਾ ਹੈ। ਇਕ ਹੋਰ ਛੋਟੀ ਜਿਹੀ ਸਤਰ ਹੈ ਵਾਹਿਗੁਰੂ ਦੀ ਕਿਤਾਬ ਦੀ, ਉਹ ਹੈ ਮੀਂਹ। ਉਹ ਇਹ ਨਹੀਂ ਸਮਝਦਾ ਕਿ ਜਿਸ ਦੇ ਘਰ ਜ਼ਮੀਨ ਹੈ ਨਹੀਂ ਤੇ ਮੈਂ ਉਸ ਦੇ ਘਰ ਇਕ ਛਿੱਟ ਵੀ ਮੀਂਹ ਦੀ ਨਹੀਂ ਪਾਉਣੀ ਤੇ ਜਿਸ ਦੇ ਘਰ ਬਹੁਤੀ ਜ਼ਮੀਨ ਹੈ, ਉਥੇ ਮੀਂਹ ਬਹੁਤ ਵਰਸਾ ਦੇਣਾ ਹੈ। ਉਹ ਕਿਸੇ ਨਾਲ ਵੀ ਅੰਤਰ ਨਹੀਂ ਕਰਦਾ। ਜੋ ਕੁਝ ਵੀ ਉਹ ਦਿੰਦਾ ਹੈ, ਉਹ ਸਾਰਿਆਂ ਨੂੰ ਇਕ ਸਮਾਨ ਹੀ ਦਿੰਦਾ ਹੈ।

ਕਮਾਲਹਿ ਕਰਾਮਾਤ ਕਾਇਮ ਕਰੀਨ
ਰਜ਼ਾ ਬਖਸ਼ੋ॥

ਹਰਿ ਰਸੁ ਪੀਵਹੁ ਪੁਰਖ ਗਿਆਨੀ
ਪੁਰਖ ਗਿਆਨੀ.... ॥

'ਗਿਆਨੀ' ਤੋਂ ਭਾਵ ਹੈ ਕਿ ਆਤਮਾ ਦੇ ਗਿਆਨ ਵਾਲਾ। ਔਰ ਜਿਸਦੀ ਆਤਮਿਕ ਅਵਸਥਾ ਸਥਿਰ ਹੋ ਗਈ। ਸੋ ਆਤਮਿਕ ਅਵਸਥਾ ਦਾ ਆਨੰਦ ਲੈ ਕੇ ਮਸਤੀ ਵਿਚ ਮਸਤ ਰਹਿਣ ਵਾਲਿਆ, ਤੂੰ ਇਸ ਦੁਨੀਆਂ ਦੇ ਰਸ ਨਾ ਪੀ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਕਿ ਇਹ ਜਿਹੜਾ ਵੱਡਾ ਰਸ ਹੈ, ਸ਼੍ਰੋਮਣੀ ਰਸ ਹੈ ਭਾਵ ਕਿ ਨਾਮ ਦਾ ਅੰਮ੍ਰਿਤ ਤੂੰ ਇਸ ਨੂੰ ਪੀਅ।

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥

(ਅੰਗ ੩੪੨)

ਇਹਨਾਂ ਪੰਕਤੀਆਂ ਦੇ ਅਰਥ ਗੁਰੂ ਗ੍ਰੰਥ ਸਾਹਿਬ ਵਿਚ ਇਹ ਦੱਸੇ ਗਏ ਹਨ ਕਿ ਜਿਨ੍ਹਾਂ ਨੇ ਉਹ ਸ਼੍ਰੋਮਣੀ ਰਸ ਪੀ ਲਿਆ, ਉਹਨਾਂ ਨੂੰ ਫਿਰ ਦੁਨੀਆਂ ਦਾ ਹੋਰ ਕੋਈ ਵੀ ਰਸ ਚੰਗਾ ਨਹੀਂ ਲੱਗਦਾ।

ਹਜ਼ੂਰ ਕਹਿੰਦੇ ਨੇ ਕਿ ਦਿੱਤਾ ਖਾਂਦਾ ਹੈ ਉਸ ਵਾਹਿਗੁਰੂ ਦਾ ਤੇ ਪੂਜਾ ਕਰਦਾ ਹੈ ਉਹਨਾਂ ਬੇਜਾਨ ਮੂਰਤੀਆਂ ਦੀ। ਟੱਲੀਆਂ ਵਜਾਉਂਦਾ ਹੈ ਉਹਨਾਂ ਬੇਜਾਨ ਮੂਰਤੀਆਂ ਦੇ ਅੱਗੇ।

ਗਿਆਨੀ ਮਾਨ ਸਿੰਘ ਜੀ ਔਰ ਕਹਿੰਦੇ ਨੇ ਕਿ ਮੈਂ ਇਕ ਸੂਫ਼ੀ ਦਾ ਬਚਨ ਪੜ੍ਹਿਆ ਹੈ, ਜਿਸ ਦਾ ਮੈਨੂੰ ਬਹੁਤ ਆਨੰਦ ਆਇਆ ਹੈ,

"ਬੁੱਤੋ........

ਸ਼ਾਬਸ਼ ਤਰੱਕੀ ਇਸ ਕੋ ਕਹਤੇ ਹੈਂ।

ਜਬ ਤਰਾਸ਼ਾ ਨਾ ਥਾ ਤੋ ਪੱਥਰ ਥੇ,

ਔਰ ਜਬ ਤਰਾਸ਼ਾ ਤੋ, ਖ਼ੁਦਾ ਬਣ ਗਏ।

ਭਾਵ ਕਿ ਜਦੋਂ ਇਸ ਪੱਥਰ ਨੂੰ ਛਿਲਿਆ ਨਹੀਂ ਸੀ ਤੇ ਆਪਣੇ ਆਪ ਵਿਚ ਬੇਜਾਨ ਸੀ ਤੇ ਜਦੋਂ ਇਸ ਨੂੰ ਕਿਸੇ ਮੂਰਤ ਵਿਚ ਤਬਦੀਲ ਕੀਤਾ ਤੇ ਤੂੰ ਖ਼ੁਦਾ ਬਣ ਗਿਆ, ਰੱਬ ਬਣ ਗਿਆ।

ਇਸ ਲਈ ਜੇ ਤੂੰ ਪੁਜਾਰੀ ਵੀ ਬਣਨਾ ਹੈ ਤਾਂ ਉਸ ਦੇ ਵਰਗਾ ਬਣ। ਮੁਗ਼ਲਾਂ ਦੀ ਕੁੜੀ...... ਦੁਪੱਟਾ ਸਿਰ ਤੋਂ ਲਾਹਿਆ ਹੋਇਆ ਬਜ਼ਾਰੋਂ ਬਜ਼ਾਰ ਤੁਰਦੀ ਜਾਏ ਤੇ ਮੰਦਿਰ ਦਾ ਦਰਵਾਜ਼ਾ ਖੁੱਲ੍ਹਾ ਵੇਖਕੇ ਅੰਦਰ ਚਲੀ ਗਈ ਪਰ ਅੰਦਰ ਕੋਈ ਨਹੀਂ। ਧਿਆਨ ਮਾਰ ਕੇ ਵੇਖਿਆ ਤਾਂ ਇਧਰ ਕ੍ਰਿਸ਼ਨ ਜੀ ਦੀ ਮੂਰਤੀ ਔਰ ਮੂਰਤੀ ਇੰਨੀ ਸੁੰਦਰ ਸੀ ਕਿ ਮੁਗ਼ਲਾਂ ਦੀ ਕੁੜੀ ਉਸ ਮੂਰਤੀ ਦੇ ਨਾਲ ਗੱਲੀਂ ਪੈ ਗਈ। ਐ ਸਾਂਵਲੇ ਸਲੋਨੇ, ਮੁਰਲੀ ਮਨੋਹਰ। ਮੈਂ ਇਹ ਗੱਲ ਜਾਣਦੀ ਹਾਂ ਕਿ ਤੂੰ ਪੱਥਰ ਹੈਂ ਪਰ ਅਗਰ ਧੰਨੇ ਵਰਗਿਆਂ ਦੀ ਤੂੰ ਰੀਝ ਪੂਰੀ ਕਰਨ ਵਾਸਤੇ ਪੱਥਰਾਂ ਵਿਚੋਂ ਵੀ ਪ੍ਰਗਟ ਹੋ ਸਕਦਾ ਹੈਂ ਤਾਂ ਇਹ ਮੁਗ਼ਲਾਂ ਦੀ ਕੁੜੀ ਵਾਸਤੇ ਵੀ ਇਕ ਵਾਰੀ ਪ੍ਰਗਟ ਹੋ ਕੇ ਵਿਖਾ ਦੇ। ਇਸ ਨਾਲ ਮੇਰੀ ਵੀ ਮਨ ਦੀ ਰੀਝ ਪੂਰੀ ਹੋ ਜਾਏਗੀ। ਇੰਨੇ ਨੂੰ ਉਸ ਮੰਦਿਰ ਦਾ ਪੁਜਾਰੀ ਆ ਗਿਆ ਤੇ ਵੇਖ ਕੇ ਹੈਰਾਨ ਹੋ ਗਿਆ ਕਿ ਇਹ ਮੁਗ਼ਲਾਂ ਦੀ ਕੁੜੀ ਪੜ੍ਹਦੀ ਹੈ ਕੁਰਾਨ.... ਤੇ ਤਰਲੇ ਲੈ ਰਹੀ ਹੈ ਇਸ ਪੱਥਰ ਦੇ ਬੁੱਤ ਅੱਗੇ। ਪਿਛਲੇ ਪਾਸੇ ਖਲੋ ਕੇ ਕਹਿਣ ਲੱਗਾ ਪੰਡਿਤ ਕਿ ਤੈਨੂੰ ਆਪਣੀ ਮਾਂ, ਤੈਨੂੰ ਆਪਣੇ ਪਿਉ ਤੇ ਪੀਰ ਮੌਲਾਣੇ ਦਾ ਕੋਈ ਡਰ ਨਹੀਂ। ਤੁਸੀਂ ਤੇ ਬੁੱਤਾਂ ਦੀ ਤੌਹੀਨ ਕਰਦੇ ਹੋ, ਉਹਨਾਂ ਨੂੰ ਤੋੜਦੇ ਹੋ ਤੇ ਫਿਰ ਤੂੰ ਇਸ ਬੁੱਤ ਅੱਗੇ ਤਰਲੇ ਕਿਉਂ ਲੈ ਰਹੀ ਹੈਂ ? ਤੈਨੂੰ ਕਾਜ਼ੀ ਦੇ ਪਿਉ ਦਾ ਡਰ ਨਹੀਂ । ਤੈਨੂੰ ਉਸ ਦੇ ਬਦਲੇ ਦਾ ਭੈ ਨਹੀਂ ਆਉਂਦਾ। ਆਪਣੀ ਮਾਂ ਦੀਆਂ ਚਪੇੜਾਂ ਦਾ ਖ਼ਿਆਲ ਨਹੀਂ ਆਉਂਦਾ। ਪਰ ਲੜਕੀ ਉਸ ਮੂਰਤ ਵਿਚ ਇੰਨੀ ਮਸਤ ਹੋਈ ਸੀ ਕਿ ਉਸ ਨੂੰ ਇਹ ਖ਼ਿਆਲ ਹੀ ਨਹੀਂ ਕਿ ਪੰਡਿਤ ਜੀ ਉਸ ਨਾਲ ਗੱਲਾਂ ਕਰਦੇ ਪਏ ਨੇ। ਉਸ ਦੇ ਮਨ ਦਾ ਖ਼ਿਆਲ ਇੰਨਾ ਉਚਾ ਹੋ ਗਿਆ ਕਿ ਕਹਿਣ ਲੱਗੀ ਕਿ ਸ਼ਾਇਦ ਕ੍ਰਿਸ਼ਨ ਜੀ ਮੇਰਾ ਜਾਇਜ਼ਾ ਲੈਣ ਵਾਸਤੇ ਮੈਨੂੰ ਸਵਾਲ ਕਰਦੇ ਪਏ ਨੇ। ਪੁਜਾਰੀ ਦੀਆਂ ਗੱਲਾਂ ਨੂੰ ਕ੍ਰਿਸ਼ਨ ਦੀਆਂ ਗੱਲਾਂ ਸਮਝ ਕੇ ਕਹਿਣ ਲੱਗੀ,

"ਸੁਣੋ ਦਿਲਜਾਨੀ,

ਮੇਰੇ ਦਿਲ ਕੀ ਕਹਾਣੀ,
ਬਦਨਾਮੀ ਭੀ ਸਹੂੰਗੀ ਮੈਂ
ਦੇਵ-ਪੂਜਾ ਥਾਣੀ,
ਹੋ ਨਮਾਜ਼ ਹੋ ਭੁਲਾਣੀ।
ਮੈਂ ਤੋ ਕੁਰਬਾਣ ਤੁਹਾਰੀ ਸੂਰਤ ਸੇ,
ਹੂੰ ਤੋ ਮੁਗਲਾਨੀ,
ਪਰ ਹਿੰਦਵਾਨੀ ਹੋ ਕੇ ਰੰਗ ਮੇਂ ਰਹੂੰਗੀ ਮੈਂ।

ਲੜਕੀ ਕਹਿਣ ਲੱਗੀ ਕਿ ਭਾਵੇਂ ਮੇਰਾ ਮੁਸਲਮਾਨਾਂ ਦੇ ਘਰ ਦਾ ਜਨਮ ਹੈ, ਪਰ ਮੇਰੀ ਮਨ ਦੀ ਰੀਝ ਤੂੰ ਪੂਰੀ ਕਰ ਦੇ। ਮੈਂ ਤੇਰੇ ਚਰਨਾਂ ਦੀ ਪੁਜਾਰਨ ਬਣ ਜਾਵਾਂਗੀ। ਇਸ ਲਈ ਗੁਰੂ ਕੇ ਸਿੱਖਾ, ਤੂੰ ਵੀ ਪੁਜਾਰੀ ਬਣਨ ਦੀ ਕੋਸ਼ਿਸ਼ ਕਰ। ਉਸ ਦੇ ਚਰਨਾਂ ਨਾਲ ਤੂੰ ਜੁੜ ਜਾ। ਉਸ ਦੇ ਚਰਨਾਂ ਨਾਲ ਤੂੰ ਲਿਪਟ ਜਾ ਤੇ ਉਸ ਦੇ ਦਰ ਤੇ ਵੀ ਤੂੰ ਢਹਿ ਜਾ ਤੇ ਫਿਰ ਤੇਰੀ ਝੋਲੀ ਵੀ ਭਰ ਜਾਏਗੀ।

ਹਰਿ ਰਸੁ ਪੀਵਹੁ ਪੁਰਖ ਗਿਆਨੀ
ਪੀਵਹੁ ਪੁਰਖ ਗਿਆਨੀ॥

ਅਗਰ ਮੁਗ਼ਲਾਂ ਦੀ ਕੁੜੀ ਹੋ ਕੇ ਉਸ ਮੂਰਤ ਦੀ ਪੁਜਾਰਨ ਬਣ ਸਕਦੀ ਹੈ ਤਾਂ ਤੂੰ ਆਪਣੇ ਗੁਰੂ ਦਾ ਪੁਜਾਰੀ ਨਹੀਂ ਬਣ ਸਕਦਾ? ਉਸ ਤੋਂ ਬਿਨਾਂ ਤੇਰੀ ਹਰ ਖ਼ੁਸ਼ੀ ਅਧੂਰੀ ਹੈ। ਇਸ ਲਈ ਤਰਲਾ ਲੈ ਆਪਣੇ ਗੁਰੂ ਦੇ ਅੱਗੇ ਕਿ ਕੋਈ ਕਰਾਮਾਤ ਕਰਕੇ ਉਹ ਤੈਨੂੰ ਵੀ ਆਪਣੇ ਰੰਗ ਵਿਚ ਰੰਗ ਲੈਣ। ਕਿਉਂਕਿ ਮੇਰਾ ਗੁਰੂ ਤਾਂ ਹੈ ਹੀ ਹੈ।

"ਕਮਾਲਹਿ ਕਰਾਮਾਤ"

☆☆☆

ਖੋਟੀ ਸੰਗਤ ਦਾ ਕੀ ਅਸਰ ਹੈ

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥
ਧੰਨੁ ਸੁ ਤੇਰਾ ਥਾਨੁ॥ ੧॥ ਰਹਾਉ॥
ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਰਹਤਿ॥
ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ॥ ੨॥

....

ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ॥

(ਅੰਗ ੫੦)

ਗੁਰੂ ਕੀ ਪਰਮ ਸਤਿਕਾਰ ਯੋਗ ਸਾਧ-ਸੰਗਤ ਜੀ ! ਜਿਹੜੇ-ਜਿਹੜੇ ਸਜਣ ਗੁਰਮਤਿ ਦੇ ਖੋਜੀ ਹਨ, ਜਿਹੜੇ ਜਿਹੜੇ ਸਜਣ ਗੁਰਮਤਿ ਦੇ ਜਾਣੂ ਹਨ। ਉਹਨਾਂ ਨੂੰ ਬੜੀ ਚੰਗੀ ਤਰ੍ਹਾਂ ਸੂਝ-ਬੂਝ ਹੈ, ਗਿਆਨੀ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਸਾਧ-ਸੰਗਤ' ਦੀ ਬੜੀ ਮਹੱਤਤਾ ਦਰਸਾਈ ਗਈ ਹੈ। ਕਿਉਂਕਿ ਸਾਧ-ਸੰਗਤ ਨੂੰ ਸਚਖੰਡ ਵੀ ਦਰਸਾਇਆ ਗਿਆ ਹੈ। ਭਾਈ ਗੁਰਦਾਸ ਜੀ ਦਾ ਚੌਵੀਂ ਵਾਰ ਵਿਚ ਇਕ ਬਚਨ ਆਇਆ ਹੈ—

ਧਰਮਸਾਲ ਕਰਤਾਰਪੁਰੁ ਸਾਧਸੰਗਤਿ
ਸਚ ਖੰਡੁ ਵਸਾਇਆ॥

(ਭਾਈ ਗੁਰਦਾਸ ਜੀ)

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇਕ ਬਚਨ ਆਉਂਦਾ ਹੈ,

"ਹਰਿ ਰਸ ਕੀ ਕੀਮਤਿ ਕਹੀ ਨ ਜਾਇ"

(ਅੰਗ ੩੭੭)

ਇਸ ਦੇ ਅਰਥ ਹਨ ਕਿ ਜਿਹੜਾ ਵਾਹਿਗੁਰੂ ਦੇ ਨਾਮ ਦਾ ਰਸ ਹੈ, ਸੁਆਦ ਹੈ। ਇਸ

ਦੀ ਕੀਮਤ ਪਾਈ ਨਹੀਂ ਜਾ ਸਕਦੀ।

"ਹਰਿ ਰਸੁ ਸਾਧੂ ਹਾਟਿ ਸਮਾਇ॥

ਔਰ ਇਹ ਹਰੀ ਪ੍ਰਮਾਤਮਾ ਦਾ ਰਸ ਕੇਵਲ ਸਾਧ-ਸੰਗਤ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਜੇਕਰ ਇਸ ਨੂੰ ਮੁੱਲ ਉਤਾਰ ਕੇ ਲੈਣਾ ਚਾਹੀਏ ਤਾਂ—

ਲਾਖ ਕਰੋੜੀ ਮਿਲੈ ਨ ਕੇਹ॥

ਭਾਵ ਕਿ ਲੱਖਾਂ ਕਰੋੜਾਂ ਰੁਪਏ ਖਰਚ ਕੇ ਵੀ ਇਹ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ।

ਜਿਸਹਿ ਪਰਾਪਤ ਤਿਸ ਹੀ ਦੇਹਿ॥

(ਅੰਗ ੩੭੭)

ਸੋ ਜਿਸ ਨੂੰ ਹਰੀ ਪ੍ਰਮਾਤਮਾ ਦੇ ਨਾਮ ਦਾ ਰਸ ਪ੍ਰਾਪਤ ਹੈ, ਇਹ ਸਾਧ-ਸੰਗਤ ਉਸ ਨੂੰ ਹੀ ਮਿਲਦੀ ਹੈ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਸਾਡੇ ਵਰਗੇ ਸਤਿਸੰਗੀਆਂ ਉੱਪਰ ਬੜਾ ਜ਼ਬਰਦਸਤ ਸਵਾਲ ਕੀਤਾ ਹੈ—

ਮਨਮੁਖ ਵਿਅਕਤੀ ਨੂੰ ਜਮਾਂ ਦੀ ਇਸ ਤਰ੍ਹਾਂ ਮਾਰ ਪੈਂਦੀ ਹੈ ਜਿਵੇਂ ਕਿਸੇ ਚੋਰ ਨੂੰ ਮਾਰ ਪੈਂਦੀ ਹੈ। ਚੋਰ ਹਰ ਤਰ੍ਹਾਂ ਦੀਆਂ ਗਾਲ੍ਹਾਂ ਵੀ ਖਾਂਦਾ ਹੈ, ਕੈਦ ਵੀ ਹੋ ਜਾਂਦਾ ਹੈ। ਪਰ ਜਿਸ ਵੇਲੇ ਜੇਲ੍ਹ ਵਿਚੋਂ ਬਾਹਰ ਨਿਕਲਦਾ ਹੈ ਤਾਂ ਮਹੀਨੇ ਦੋ ਨਹੀਂ ਸਬਰ ਕਰਦਾ। ਫਿਰ ਚੋਰੀ ਕਰਨੀ ਸ਼ੁਰੂ ਕਰ ਦਿੰਦਾ ਹੈ ਤੇ ਫਿਰ ਫੜਿਆ ਜਾਂਦਾ ਹੈ। ਸੋ ਅਗਰ ਚੋਰ ਆਪਣੀ ਚੋਰੀ ਕਰਨੀ ਨਹੀਂ ਛੱਡ ਸਕਦਾ ਤਾਂ ਫਿਰ ਅਸੀਂ ਵਾਹਿਗੁਰੂ ਤੋਂ ਕਿਵੇਂ ਦੂਰ ਹੋ ਜਾਂਦੇ ਹਾਂ। ਅਸੀਂ ਉਸਦੀ ਬਾਣੀ ਪੜ੍ਹਨੀ ਕਿਉਂ ਛੱਡ ਦਿੰਦੇ ਹਾਂ। ਸਾਨੂੰ ਵੀ ਭਾਵੇਂ ਜ਼ਿੰਦਗੀ ਵਿਚ ਦੁੱਖ ਆਉਣ ਤੇ ਭਾਵੇਂ ਸੁੱਖ। ਪਰ ਸਾਨੂੰ ਵਾਹਿਗੁਰੂ ਦਾ ਲੜ ਨਹੀਂ ਛਡਣਾ ਚਾਹੀਦਾ। ਪਰ ਫਿਰ ਸਵਾਲ ਇਹ ਪੈਦਾ ਹੋਇਆ ਕਿ ਚੋਰ ਚੋਰੀ ਕਰਨੀ ਕਿਉਂ ਨਹੀਂ ਛੱਡਦਾ ? ਉਹ ਇਸ ਲਈ ਕਿਉਂਕਿ ਉਸ ਉਪਰ ਮਾੜੀ ਸੰਗਤ ਦਾ ਪ੍ਰਭਾਵ ਪੈਂਦਾ ਹੈ, ਜਿਸ ਕਰਕੇ ਉਹ ਉਨ੍ਹਾਂ ਵਰਗਾ ਹੀ ਬਣਨਾ ਸ਼ੁਰੂ ਹੋ ਜਾਂਦਾ ਹੈ। ਲੱਖ ਯਤਨ ਕਰਨ ਦੇ ਬਾਵਜੂਦ ਵੀ ਉਸ ਨੂੰ ਚੋਰੀ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਜਿਹੜਾ ਡਾਕੂ ਹੈ, ਉਸ ਦਾ ਕਰਮ ਹੈ ਕਿ ਦੂਜਿਆਂ ਦੇ ਘਰਾਂ ਨੂੰ ਲੁੱਟਣਾ। ਔਰ ਡਾਕੂ ਦਾ ਕਈ ਵੇਰਾਂ ਡਾਕਾ ਮਾਰਨ ਲਗਿਆਂ ਮੁਕਾਬਲਾ ਵੀ ਹੋ ਜਾਂਦਾ ਹੈ ਤੇ ਉਸ ਮੁਕਾਬਲੇ ਵਿਚ ਕਈ ਵੇਰਾਂ ਉਸ ਕੋਲੋਂ ਕਤਲ ਵੀ ਹੋ ਜਾਂਦੇ ਨੇ। ਔਰ ਉਸ ਨੂੰ ਇਹ ਵੀ ਪਤਾ ਹੈ ਕਿ ਜਿਸ ਦਿਨ ਮੈਂ ਫੜਿਆ ਗਿਆ, ਉਸ ਦਿਨ ਫਾਂਸੀ ਦਾ ਫੰਧਾ ਮੇਰੇ ਗਲ੍ਹ ਵਿਚ ਪੈ ਜਾਣਾ ਹੈ, ਪਰ ਉਹ ਆਪਣੇ ਕਰਮ ਤੋਂ ਪਿੱਛੇ ਨਹੀਂ ਹਟਦਾ। ਫਿਰ ਅਸੀਂ ਆਪਣੇ ਪ੍ਰੀਤਮ ਪਿਆਰੇ

ਤੋਂ ਕਿਵੇਂ ਦੂਰ ਹੱਟ ਜਾਂਦੇ ਹਾਂ। ਅਸੀਂ ਇਹ ਕਿਵੇਂ ਭੁੱਲ ਜਾਂਦੇ ਹਾਂ ਕਿ ਜਦੋਂ ਰੱਬ ਸਾਨੂੰ ਖ਼ੁਸ਼ੀਆਂ ਦੇਣ ਲਗਿਆਂ ਨਹੀਂ ਥੱਕਦਾ ਤੇ ਫਿਰ ਅਸੀਂ ਉਸ ਨੂੰ ਯਾਦ ਕਰਨ ਲਗਿਆਂ ਕਿਉਂ ਥੱਕ ਜਾਂਦੇ ਹਾਂ ? ਜਦੋਂ ਰੱਬ ਸਾਨੂੰ ਥੋੜੇ ਜਿਹੇ ਦੁੱਖ ਦੇ ਦਿੰਦਾ ਹੈ ਸਾਡੇ ਕਰਮਾਂ ਅਨੁਸਾਰ ਤਾਂ ਅਸੀਂ ਝੱਟ ਹੀ ਉਸ ਨੂੰ ਯਾਦ ਕਰਨ ਤੋਂ ਭੁੱਲ ਜਾਂਦੇ ਹਾਂ। ਪਰ ਚੋਰ, ਡਾਕੂ ਆਪਣੀ ਚੋਰੀ ਕਰਨੀ ਨਹੀਂ ਛੱਡਦੇ। ਵੇਸਵਾ ਬਾਰੇ ਦੱਸਦੇ ਹਨ, ਵੇਸਵਾ ਬਜ਼ਾਰੀ ਔਰਤ। ਇਹ ਪੈਰਾਂ ਤੇ ਕੁੰਗਰੂ ਬਣਦੀ ਹੈ, ਚਮਕੀਲੇ ਕੱਪੜੇ ਪਾਉਂਦੀ ਹੈ ਤੇ ਮਗਰ ਢੋਲਕੀਆਂ ਵੱਜਦੀਆਂ ਨੇ। ਆਪਣਾ ਜਤ ਸਤ ਵੇਚਕੇ ਧਰਮ ਤੇ ਜੋਬਨ ਵੇਚਕੇ ਸਮਾਜ ਦੇ ਬਦਲੇ ਕਲੰਕਨ ਬਣ ਜਾਂਦੀ ਹੈ। ਔਰ ਜਿਸ ਕਿਸੇ ਕਾਮੀ ਪੁਰਸ਼ ਦਾ ਉਸ ਵੇਸਵਾ ਨਾਲ ਪਿਆਰ ਹੋ ਗਿਆ ਤਾਂ ਉਸ ਦੇ ਤਨ ਵਿਚ ਕੋਈ ਬੀਮਾਰੀ ਹੋ ਜਾਵੇ, ਵੱਡੇ ਤੋਂ ਵੱਡੇ ਰੋਗ ਕਿਉਂ ਨਾ ਹੋ ਜਾਏ ਤੇ ਭਾਵੇਂ ਕੋਹੜ ਦਾ ਰੋਗ ਹੀ ਕਿਉਂ ਨਾ ਹੋ ਜਾਏ, ਪਰ ਉਹ ਵੇਸਵਾ ਦੇ ਦੁਆਰੇ ਜਾਣ ਤੋਂ ਨਹੀਂ ਹਟਦਾ। ਉਹ ਦੁਆਰਾ ਉਸ ਨੂੰ ਕਦੇ ਵੀ ਨਹੀਂ ਭੁੱਲਦਾ। ਇਸ ਦੇ ਕਾਰਨ ਉਹ ਰਿਸ਼ਤੇਦਾਰ ਵਿਚ ਬਦਨਾਮ ਹੋ ਗਿਆ ਕੁੜਮਾਂ ਵਿਚ ਬਦਨਾਮ ਹੋ ਗਿਆ, ਗਲੀ-ਗੁਆਂਢ ਵਿਚ ਬਦਨਾਮ ਹੋ ਗਿਆ। ਪਰ ਵੇਸਵਾ ਦਾ ਦੁਆਰਾ ਉਸ ਨੇ ਨਹੀਂ ਛਡਿਆ, ਕਿਉਂਕਿ ਉਸ ਦੀ ਸੰਗਤ ਕਾਮੀ ਪੁਰਸ਼ਾਂ ਦੇ ਨਾਲ ਸੀ।

ਇਸੇ ਹੀ ਤਰ੍ਹਾਂ ਅਗਰ ਜੁਆਰੀ ਆਪਣਾ ਸਭ ਕੁਝ ਜੂਏ ਵਿਚ ਕਿਉਂ ਨਾ ਹਾਰ ਦੇਵੇ, ਪਰ ਉਹ ਜੂਆ ਖੇਡਣ ਤੋਂ ਨਹੀਂ ਹਟਦਾ। ਇਥੋਂ ਤੱਕ ਕਿ ਆਪਣਾ ਘਰ-ਬਾਹਰ ਵੀ ਵੇਚਣ ਲਈ ਤਿਆਰ ਹੋ ਜਾਂਦਾ ਹੈ, ਪਰ ਜੂਆ ਖੇਡਣ ਤੋਂ ਨਹੀਂ ਹਟਦਾ। ਕਿਉਂਕਿ ਉਸ ਦੀ ਸੰਗਤ ਮਾੜੇ ਲੋਕਾਂ ਦੇ ਨਾਲ ਸੀ। ਇਹ ਹੈ "ਖੋਟੀ ਸੰਗਤ ਦਾ ਅਸਰ" ਸੋ ਸਭ ਤੋਂ ਪਹਿਲਾਂ ਮਾੜੀ ਸੰਗਤ ਤੋਂ ਬਾਹਰ ਨਿਕਲ ਕੇ ਇਕ ਸੱਚੇ ਤੇ ਸੁੱਚੇ ਵਿਅਕਤੀ ਦੀਆਂ ਨਿਸ਼ਾਨੀਆਂ ਨੂੰ ਅਪਣਾਉ।

ਸਿੱਖ ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ 'ਅੰਮ੍ਰਿਤ ਛਕਣਾ' ਭੇਖ ਧਾਰਨ ਕਰਨਾ ਨਹੀਂ, ਸਗੋਂ ਸਿੱਖੀ ਮਾਰਗ ਤੇ ਚਲਣ ਲਈ ਇਕ ਪ੍ਰਣ ਕਰਨਾ ਹੁੰਦਾ ਹੈ। ਗੁਰੂ ਧਾਰਨ ਕਰਨਾ ਅਤੇ ਉਸ ਦੇ ਉਪਦੇਸ਼ਾਂ ਤੇ ਤੁਰਨ ਦਾ ਇਰਾਦਾ ਕਰਨਾ ਹੈ। ਗੁਰਬਾਣੀ ਨਾਲ ਜੁੜ ਕੇ ਸਿੱਖੀ ਸਿਦਕ ਨਾਲ ਨਿਭਾਉਂਦਿਆਂ ਸਰਬੱਤ ਦਾ ਭਲਾ ਮੰਗਣਾ ਹੈ। 'ਕਕਾਰ' ਜਿਥੇ ਗੁਰੂ ਪਿਆਰ ਦੇ ਪ੍ਰਤੀਤ ਹਨ, ਉਥੇ ਗੁਰੂ ਪੰਥ ਨਾਲ ਜੋੜਦੇ ਹਨ।

ਅਗਰ ਕੋਈ ਮਨੁੱਖ ਕਕਾਰ ਧਾਰਨ ਕਰ ਲਵੇ, ਬਾਹਰੀ ਸ਼ਕਲ ਮੂਰਤ ਸਿੱਖਾਂ ਵਰਗੀ ਬਣਾ ਲਵੇ, ਪਰ ਉਸਦਾ ਜੀਵਨ ਗੁਰਮਤਿ ਅਨੁਸਾਰੀ ਨਾ ਹੋਵੇ, ਤਾਂ ਐਸੇ ਮਨੁੱਖ ਨੂੰ

"ਭੇਖਧਾਰੀ" ਕਿਹਾ ਜਾਂਦਾ ਹੈ। ਕਿਉਂਕਿ ਭੇਖਧਾਰੀ ਅੰਦਰੋਂ ਧਰਮੀ ਨਹੀਂ ਹੁੰਦਾ, ਸਗੋਂ ਧਰਮੀ ਬਣਨ ਦਾ ਪੱਜ ਕਰਦਾ ਹੈ ਤੇ ਲੋਕਾਂ ਨੂੰ ਧੋਖਾ ਦਿੰਦਾ ਹੈ।

ਦੂਜੇ ਪਾਸੇ ਸੱਚਾ ਅੰਮ੍ਰਿਤਧਾਰੀ ਮਨੁੱਖ ਜਿਥੇ ਗੁਰੂ ਸ਼ਬਦ ਦੀ ਕਮਾਈ ਕਰਕੇ ਆਪਣਾ ਜੀਵਨ ਸਫਲ ਕਰਦਾ ਹੈ ਤੇ ਉਥੇ ਆਪਣੇ ਆਪ ਨੂੰ ਕੌਮੀ ਡਸਿਪਲਿਨ ਵਿਚ ਢਾਲ ਕੇ, ਪੰਥ ਦਾ ਅੰਗ ਬਣ ਕੇ ਤੇ ਕੌਮੀ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ ਅਤੇ ਸਮੁੱਚੀ ਮਾਨਵ-ਜਾਤੀ ਦਾ ਭਲਾ ਕਰਨ ਲਈ ਤਿਆਰ ਰਹਿੰਦਾ ਹੈ। ਸੋ ਸਤਿਗੁਰੂ ਜੀ ਦਾ ਫੁਰਮਾਣ ਹੈ।

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ ੨॥

(ਅੰਗ ੧੪੭)

ਇਸ ਪੰਕਤੀਆਂ ਦੇ ਅਰਥ ਗੁਰੂ ਜੀ ਇਹ ਦੱਸਦੇ ਹਨ ਕਿ ਜਦ ਤੱਕ ਲੋਭ ਕੋਈ ਰੰਗ ਨਾ ਦਿਖਾਵੇ, ਇਸ ਦਾ ਬਾਹਰੀ ਰੂਪ ਜ਼ਿਆਦਾ ਭਿਆਨਕ ਪ੍ਰਤੀਤ ਨਹੀਂ ਹੁੰਦਾ। ਇਸਦੀ ਅਗਨੀ ਦਾ ਗੁੱਝਾ ਸੇਕ ਜਦੋਂ ਪ੍ਰਗਟ ਹੁੰਦਾ ਹੈ ਤਾਂ ਇਸ ਦੀ ਸਾੜਨ ਦੀ ਸ਼ਕਤੀ ਦਾ ਪੂਰਾ ਪਤਾ ਲੱਗਦਾ ਹੈ। ਇਸ ਲਈ ਜਿਸ ਪਰਿਵਾਰ ਵਿਚ ਲੋਭ ਦਾ ਨਿਵਾਸ ਹੋ ਜਾਵੇ, ਉਥੇ ਪਿਆਰ, ਸਤਿਕਾਰ, ਅਪਣਤ ਸੀਤਲਤਾ ਆਦਿ ਦਾ ਵਿਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਹਰੇਕ ਖੇਤਰ ਵਿਚ ਇਸ ਅਗਨੀ ਤੋਂ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਸਭ ਤੋਂ ਪਹਿਲਾਂ ਇਸਦਾ ਸੇਕ ਅਕਲ ਜਾਂ ਬੁੱਧੀ ਨੂੰ ਵਿਆਪਦਾ ਹੈ। ਜਿਸ ਕਰਕੇ ਸੋਚ ਸ਼ਕਤੀ, ਮਾਨਸਿਕ ਵਿਵਸਥਾ, ਵਿਵੇਕ, ਨਿਰਣਾ ਆਦਿ, ਵਿਸ਼ਵਾਸ ਭਰੋਸਾ ਤੇ ਨਿਰਭਰਤਾ ਦੇ ਯੋਗ ਨਹੀਂ ਰਹਿੰਦਾ।

ਸਚੇ ਪਾਤਿਸ਼ਾਹ ਜੀ ਨੇ ਲੋਭ ਨੂੰ 'ਕੁੱਤਾ' ਆਖਿਆ ਹੈ ਤੇ ਉਹ ਵੀ ਹਲਕਿਆ ਕੁੱਤਾ। ਜਿਵੇਂ ਹਲਕੇ ਹੋਏ ਕੁੱਤੇ ਨੂੰ ਆਪਣੇ ਬੇਗਾਨੇ ਦੀ ਤਮੀਜ਼ ਨਹੀਂ ਰਹਿੰਦੀ ਕਿ ਉਸ ਨੇ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਇਸੇ ਤਰ੍ਹਾਂ ਲੋਭੀ ਪੁਰਸ਼ ਦੇ ਖ਼ੂਨ ਵਿਚ ਲੋਭ ਦਾ ਇੰਨਾ ਮਾਰੂ ਜ਼ਹਿਰ ਗਰਦਸ਼ ਕਰਦਾ ਹੈ ਕਿ ਮਾਇਆ ਜਾਇਦਾਦ ਤੇ ਹਕੂਮਤ ਦੀ ਖਾਤਿਰ ਉਹ ਸਕੇ ਭਰਾਵਾਂ ਜਾਂ ਪਿਉ ਨੂੰ ਕਤਲ ਕਰਨ ਜਾਂ ਕਰਾਉਣ ਤੋਂ ਸੰਕੋਚ ਨਹੀਂ ਕਰਦਾ। ਇਹ ਹਲਕਾਈ ਬਿਰਤੀ ਚਾਹੇ ਕਿਸੇ ਵੀ ਪੱਧਰ ਤੇ ਕਿਉਂ ਨਾ ਹੋਵੇ, ਇਨਸਾਨ ਤੇ ਹਾਵੀ ਹੀ ਰਹਿੰਦੀ ਹੈ। ਜਦ ਤੱਕ ਸਤਿਗੁਰ ਦੇ ਗਿਆਨੀ ਦੀ ਖਾਤਿਰ ਇਸ ਦਾ ਸਿਰ ਨਾ ਕਟਿਆ ਜਾਏ, ਇਸ ਲਈ ਸੱਚੇ

ਪਾਤਿਸ਼ਾਹ ਦਾ ਹੁਕਮ ਹੈ—

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥
ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈਂ ਰਾਖਹੁ ਕਿਰਪਾ ਧਾਰੇ॥
ਨਾਨਕ ਮੈਂ ਧਰ ਅਵਰ ਨ ਕਾਈ ਮੈਂ ਸਤਿਗੁਰੁ ਗੁਰੁ ਨਿਸਤਾਰੇ॥

(ਅੰਗ ੯੮੩)

ਸੰਸਾਰ ਦੇ ਜਿੰਨੇ ਵੀ ਜੀਵ-ਜੰਤੂ ਤੇ ਪਸ਼ੂ ਹਨ। ਉਹ ਜੀਊਣ ਲਈ ਖਾਂਦੇ ਹਨ ਤੇ ਤ੍ਰਿਪੱਤ ਹੋਣ ਤੋਂ ਬਾਅਦ ਖਾਣਾ ਤਿਆਗ ਦਿੰਦੇ ਹਨ। ਉਹਨਾਂ ਦੀ ਆਦਤ, ਉਹਨਾਂ ਦਾ ਪ੍ਰਤੀਕਰਮ ਪ੍ਰਮਾਤਮਾ ਦੇ ਪਰਦਾਨ ਕੀਤੇ ਹੋਏ ਸੁਭਾਅ ਅਨੁਸਾਰ ਹੁੰਦਾ ਹੈ। ਕਈ ਵਾਰ ਦੇਖਣ ਵਿਚ ਆਇਆ ਹੈ ਕਿ ਰੋਗੀ ਪਸ਼ੂ ਉਹ ਪਦਾਰਥ ਨਹੀਂ ਖਾਂਦਾ, ਜਿਹੜਾ ਉਸ ਨੂੰ ਹਾਨੀਕਾਰਕ ਹੋਵੇ। ਪਰ ਮਨੁੱਖੀ ਜੀਵ ਬਿਨਾਂ ਕੁਝ ਸੋਚੇ ਹੀ ਹਰ ਪਦਾਰਥ ਦਾ ਸੁਆਦ ਲੈ ਰਿਹਾ ਹੈ। ਚਾਹੇ ਉਹ ਪਦਾਰਥ ਉਸ ਵਾਸਤੇ ਹਾਨੀਕਾਰਕ ਹੀ ਕਿਉਂ ਨਾ ਹੋਵੇ।

ਇਸ ਲਈ ਉਪਦੇਸ਼ ਦਾ ਅਸਰ ਉਸ ਪ੍ਰਾਣੀ ਤੇ ਹੁੰਦਾ ਹੈ ਜਿਹੜਾ ਕਿਸੇ ਚੀਜ਼ ਨੂੰ ਜਾਣਦਾ ਨਾ ਹੋਵੇ, ਪਰ ਜਾਣਨ ਦੀ ਇੱਛਾ ਰੱਖਦਾ ਹੋਵੇ। ਔਰ ਗਿਆਨ ਨੂੰ ਕਰਮ ਵਿਚ ਬਦਲਣ ਦੀ ਸਮੱਰਥਾ ਰੱਖਦਾ ਹੋਵੇ। ਇਸ ਤੇ ਕਬੀਰ ਜੀ ਦੇ ਬਚਨ ਹਨ—

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥

(ਅੰਗ ੧੩੭੬)

ਇਨ੍ਹਾਂ ਪੰਕਤੀਆਂ ਦੇ ਅਰਥ ਹਨ ਕਿ ਉਸ ਬੰਦੇ ਦੀ ਕਾਹਦੀ ਖੈਰ, ਜਿਸ ਨੇ ਹਨ੍ਹੇਰੇ ਵਿਚ ਹੱਥ ਵਿਚ ਦੀਵਾ ਫੜਿਆ ਹੋਇਆ ਹੋਵੇ, ਤੇ ਫਿਰ ਵੀ ਖੂਹ ਵਿਚ ਡਿੱਗ ਪਵੇ।

ਬੰਦੇ ਦੀ ਬੁੱਧੀ ਤੇ ਮਾਇਆ ਤੇ ਹੰਕਾਰ ਦੇ ਲਾਲਚ ਦੀ ਇੰਨੀ ਕੁ ਮੈਲ ਚੜ੍ਹੀ ਹੋਈ ਹੈ ਕਿ ਉਹ ਰਜ ਕੇ ਵੀ, ਆਪਣੇ ਆਪ ਨੂੰ ਭੁੱਖਾ ਹੀ ਸਮਝਦਾ ਹੈ। ਮਨੁੱਖ ਦੇ ਸਰੀਰ ਦੇ ਅੰਗਾਂ ਦੀ ਆਪੋ ਆਪਣੀ ਭੁੱਖ ਹੈ। ਇਸ ਦੀ ਪੂਰਤੀ ਲਈ ਮਨੁੱਖ ਸੌ ਉਪਰਾਲੇ ਕਰਦਾ ਹੈ, ਪਰ ਸਭ ਵਿਅਰਥ ਹੈ। ਇਸ ਲਈ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ,

"ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।

ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
ਨਕ ਨ ਰਜਾ ਵਾਸੁ ਲੈ ਦੁਰਗੰਧ ਸਵਾਸੇ।
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ।

(ਭਾਈ ਗੁਰਦਾਸ ਜੀ, ੨੭/੯)

ਇਹ ਹਨ ਅੱਖਾਂ, ਕੰਨ, ਜੀਭ ਤੇ ਨੱਕ ਦੀਆਂ ਅਪੂਰਕ ਭੁੱਖਾਂ। ਇਸ ਦੇ ਇਲਾਵਾ ਮਨ ਦੀ ਆਪਣੀ ਨਿੱਜੀ ਭੁੱਖ ਮਾਇਆ ਦੀ ਤੇ ਮਾਇਕ ਪਦਾਰਥਾਂ ਦੀ ਹੈ, ਜਿਹੜੀ ਘੱਟਦੀ ਨਹੀਂ, ਹਟਦੀ ਨਹੀਂ, ਸਗੋਂ ਵੱਧਦੀ ਜਾਂਦੀ ਹੈ। ਇਸ ਲਈ ਪੰਚਮ ਪਾਤਿਸ਼ਾਹ ਜੀ ਦਾ ਫੁਰਮਾਣ ਹੈ—

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ
ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ
ਮਨ ਮਾਏ ਕਰਮ ਕਰਤ ਸਿ ਸੂਕਰਹ॥

(ਅੰਗ ੧੩੬੦)

ਇਸ ਗੁਰਵਾਕ ਦੁਆਰਾ ਪੰਚਮ ਪਾਤਿਸ਼ਾਹ ਜੀ ਉਹਨਾਂ ਉਪਦੇਸ਼ਕਾਂ ਦਾ ਵਰਨਣ ਕਰਦੇ ਹਨ, ਜਿਹੜੇ ਆਪਣੀ ਉਪਜੀਵਕਾ ਲਈ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ, ਪਰ ਤ੍ਰਿਸ਼ਨਾ ਕਾਰਨ ਮਨ ਮਾਇਆ ਵਿਚ ਰੱਖਦੇ ਤੇ ਸਦਾ ਅਤ੍ਰਿਪੱਤ ਰਹਿੰਦੇ ਹਨ। ਇਸ ਲਈ ਸੱਚੇ ਪਾਤਿਸ਼ਾਹ ਨੇ ਲੋਭੀ ਮਨ ਦੀ ਅਤ੍ਰਿਪਤੀ ਦੀ ਤੁੱਲਨਾ ਅਗਨੀ ਦੀ ਅਤ੍ਰਿਪਤੀ ਨਾਲ ਕਰਕੇ ਸਾਨੂੰ ਮੂਰਖਾਂ ਨੂੰ ਸਮਝਾਇਆ ਹੈ। ਬਾਲਣ ਨਾਲ ਅਗਨੀ ਨੂੰ ਤ੍ਰਿਪਤ ਕਰਨ ਵਾਲਾ ਬੰਦਾ ਕਦੇ ਵੀ ਸਫਲ ਨਹੀਂ ਹੁੰਦਾ। ਇਸੇ ਤਰ੍ਹਾਂ ਮਾਇਕ ਪਦਾਰਥਾਂ ਨੂੰ ਭੋਗਣ ਨਾਲ ਅੱਜ ਤੱਕ ਕੋਈ ਨਹੀਂ ਰਜਿਆ ਤੇ ਨਾਲ ਹੀ ਲੋਭ ਤੇ ਤ੍ਰਿਸ਼ਨਾ ਦੀ ਭੁੱਖ ਮਿਟਦੀ ਹੈ। ਇਸੇ ਲਈ ਤਾਂ ਤ੍ਰਿਸ਼ਨਾ ਦੀ ਨਵਿਰਤੀ ਭੋਗਾਂ ਨਾਲ ਨਹੀਂ 'ਭੁੱਖ' ਨੂੰ ਜੜ੍ਹ ਤੋਂ ਮਿਟਾਉਣ ਨਾਲ ਹੁੰਦੀ ਹੈ। ਗੁਰਦੇਵ ਜੀ ਦਾ ਫੁਰਮਾਣ ਹੈ—

ਸਹਸ ਖਟੇ ਲਖ ਕਉ ਉਠਿ ਧਾਵੈ॥

ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥

(ਅੰਗ ੨੭੮)

ਅਨਿਕ ਭੋਗ ਬਿਖਿਆ ਕੇ ਕਰੈ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥

(ਅੰਗ ੨੭੯)

ਇਨ੍ਹਾਂ ਪੰਕਤੀਆਂ ਦੇ ਅਰਥ ਹਨ ਕਿ ਸੰਤੋਖ ਤੋਂ ਹੀ ਧਨਵਾਨ ਤੇ ਨਿਰਧਨ ਦੋਨਾਂ ਨੂੰ ਆਤਮਿਕ ਤ੍ਰਿਪੱਤੀ ਜਾਂ ਸਕੂਨ ਪ੍ਰਾਪਤ ਹੁੰਦਾ ਹੈ। ਸਬਰ ਤੇ ਸੰਤੋਖ ਨਿਰਧਨ ਲਈ ਧਰਵਾਸ ਦਾ ਸਾਧਨ ਹੈ। ਦੂਜੇ ਪਾਸੇ ਉਦਮੀ ਗੁਰਮੁਖ ਨੂੰ ਮਾਇਆ ਵਿਚ ਖੱਚਤ ਹੋਣ ਤੋਂ ਬਚਾਉਂਦਾ ਹੈ। ਇਸ ਲਈ ਸਬਰ ਤੋਂ ਬਿਨਾਂ ਧਨੀ ਪੁਰਸ਼ ਦੇ ਮਨ ਨੂੰ ਸੁੱਖ ਤੇ ਸ਼ਾਂਤੀ ਨਸੀਬ ਨਹੀਂ ਹੁੰਦੀ।

ਬਾਬਾ ਫ਼ਰੀਦ ਜੀ ਦਾ ਸਬਰ ਕਮਾਲ ਦਾ ਸੀ। ਲੱਕੜ ਵਾਂਗੂੰ ਸੁੱਕੀ ਰੋਟੀ ਉਹਨਾਂ ਦੀ ਖ਼ੁਰਾਕ ਸੀ ਤੇ ਭੁੱਖ ਸਲੂਣੇ ਬਰਾਬਰ ਸੀ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਅੰਗ ੧੩੭੯)

ਫ਼ਰੀਦ ਜੀ ਨੇ ਆਪਣੀਆਂ ਸਰੀਰਕ ਲੋੜਾਂ ਤੇ ਖਾਹਸ਼ਾਂ ਨੂੰ ਬਹੁਤ ਘਟਾਅ ਲਿਆ ਸੀ। ਰੁਖੀ ਸੁਖੀ ਰੋਟੀ ਜਾਂ ਕੰਦ ਮੂਲ ਦਾ ਵਰਨਣ ਵਾਸਤਵ ਵਿਚ ਉਨ੍ਹਾਂ ਦੇ ਸਬਰ-ਸੰਤੋਖ ਨੂੰ ਦ੍ਰਿਸ਼ਟਾਉਂਦਾ ਹੈ। ਆਪ ਦੀ ਦ੍ਰਿਸ਼ਟੀ ਵਿਚ ਸਬਰ ਦਾ ਗੁਣ ਐਸਾ ਤੀਰ ਹੈ, ਜਿਸ ਦੇ ਚਲਾਉਣ ਨਾਲ ਨਿਰਾਸਤਾ ਨਹੀਂ ਹੁੰਦੀ। ਬਲਕਿ ਇਸ ਦੇ ਨਾਲ ਤਾਂ ਤਨ ਦੀ ਮਮਤਾ ਸੜਦੀ ਹੈ। ਜੀਵ ਛੋਟਾ ਨਹੀਂ ਰਹਿੰਦਾ, ਸਗੋਂ ਦਰਿਆ ਬਣ ਕੇ ਸਾਗਰ ਵਿਚ ਸਮਾਉਣ ਦੀ ਯੋਗਤਾ ਪ੍ਰਾਪਤ ਕਰਦਾ ਹੈ। ਸਬਰ ਵਿਚ ਰਹਿਣਾ ਜ਼ਿੰਦਗੀ ਦਾ ਉੱਤਮ ਮਨੋਰਥ ਹੈ—

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥

(ਅੰਗ ੧੩੮੪)

ਪੂਰਨ ਸੰਤੋਖੀ ਪੁਰਖ ਦੇ ਹਿਰਦੇ ਵਿਚ ਸਬਰ ਦੇ ਨਾਲ ਸਿਦਕ ਤੇ ਵਿਸ਼ਵਾਸ ਭੀ

ਸਮਾਇਆ ਹੁੰਦਾ ਹੈ, ਔਰ ਜਦੋਂ ਵਿਸ਼ਵਾਸ ਨੂੰ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ, ਤਾਂ ਅਸੀਂ ਉਸ ਨੂੰ ਸਿਦਕ ਕਹਿ ਦਿੰਦੇ ਹਾਂ। ਦੁੱਖ ਸੁੱਖ ਤੇ ਕਸ਼ਟ ਮੁਸੀਬਤ ਨੂੰ ਪ੍ਰਭੂ ਦੀ ਬਖ਼ਸ਼ਿਸ਼ ਸਮਝਣਾ, ਪ੍ਰਭੂ ਸਨੇਹ ਦਾ ਹੀ ਰੂਪਾਂਤਰ ਹੈ।

ਕੇਤਿਆ ਦੂਖ ਭੂਖ ਸਦਾ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥

ਇਸ ਲਈ ਸਿਦਕੀ ਬੰਦਾ ਆਪਣੀ ਜ਼ਿੰਦਗੀ ਵਿਚ ਕਦੇ ਵੀ ਡੋਲ ਨਹੀਂ ਸਕਦਾ। ਕਿਉਂਕਿ ਸਿਦਕ ਦਾ ਜਨਮ ਹੀ ਬਿਖਮ ਭਾਣੇ ਦੀ ਕੁਠਾਲੀ ਵਿਚ ਹੁੰਦਾ ਹੈ। ਕੱਚਾ ਮਨੁੱਖ ਪੱਲ ਪੱਲ ਗਿਰਦਾ ਹੈ ਤੇ ਪੱਕਾ ਮਨੁੱਖ ਨਿਰਮਲ ਤੇ ਸ਼ੁੱਧ ਉਸੇ ਰੂਪ ਵਿਚ ਹੀ ਰਹਿੰਦਾ ਹੈ।

ਜੇਤਾ ਦੇਹਿ ਤੇਤਾ ਹਉ ਖਾਉ॥
ਬਿਆ ਦਰੁ ਨਾਹੀ ਕੈ ਦਰਿ ਜਾਉ॥

(ਅੰਗ ੨੫)

ਸਿਦਕ ਰੱਖਣ ਵਾਲਿਆਂ ਨੂੰ ਫਾਰਸੀ ਵਿਚ 'ਸਾਦਿਕ' ਆਖਿਆ ਗਿਆ ਹੈ। ਇਨ੍ਹਾਂ ਦੀ ਮਹਿਮਾ ਸਾਰੇ ਧਰਮਾਂ ਦੁਆਰਾ ਕੀਤੀ ਗਈ ਹੈ। ਇਸ ਲਈ ਪੂਰੇ ਪ੍ਰਭੂ ਦਾ ਦੀਦਾਰ ਸਾਦਿਕ ਪੁਰਸ਼ ਨੂੰ ਹੀ ਪ੍ਰਾਪਤ ਹੁੰਦਾ ਹੈ।

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ॥
ਦੀਦਾਰੁ ਪੂਰੇ ਪਾਇਸਾ ਥਾਉ ਨਹੀ ਖਾਇਕਾ॥ ੨॥

(ਅੰਗ ੮੩)

ਅਨੇਕ ਦੇਵੀ-ਦੇਵਤਿਆਂ ਵਿਚ ਵੱਖਰੀ ਵੱਖਰੀ ਵਿਸ਼ੇਸ਼ਤਾ ਹੁੰਦੀ ਹੈ। ਸਰੀਰ ਦੀਆਂ ਇੰਦਰੀਆਂ ਜਿਹੜੀਆਂ ਮਾਇਆ ਦੇ ਪ੍ਰਭਾਵ ਨਾਲ ਅਧੀਨ, ਨਿਰਬਲ ਤੇ ਮਲੀਨ ਬਣ ਗਈਆਂ ਸਨ। ਹੁਣ ਸੱਚੇ ਦਰ ਤੇ ਆਤਮ ਸਮਰਪਣ ਦੇ ਫਲਸਰੂਪ ਨਿਰਮਲ ਹੋ ਜਾਂਦੀਆਂ ਹਨ। ਔਰ ਜਿਹੜੇ ਇਕ ਖਿਨ ਵੀ ਟਿਕ ਕੇ ਨਹੀਂ ਬਹਿੰਦੇ ਸਨ, ਹੁਣ ਪੂਰਨ ਟਿਕਾਉ ਵਿਚ ਆ ਗਏ ਸਨ। ਹੁਣ ਇਹਨਾਂ ਵਿਚ ਕਿਸੇ ਦੀ ਨਿੰਦਾ ਕਰਨਾ ਤੇ ਗਾਉਣ ਵਜਾਉਣ ਦੀ ਚਾਹ ਖ਼ਤਮ ਹੋ ਗਈ ਸੀ। ਕਿਉਂਕਿ ਉਹਨਾਂ ਦੀ ਰਸਨਾ ਵਿਚ ਰੂਹਾਨੀ ਤ੍ਰਿੱਪਤੀ ਦਾ ਨਿਵਾਸ ਹੋ ਗਿਆ ਸੀ। ਪਰ ਇਹ ਅਵਸਥਾ ਬਹੁਤ ਉੱਚੀ ਹੈ। ਜਿਸ ਦੀ ਪ੍ਰਾਪਤੀ ਗੁਰੂ ਦੇ ਬਣੇ ਤੋਂ ਬਿਨਾਂ ਨਹੀਂ ਹੋ ਸਕਦੀ ਤੇ ਨਾ ਹੀ ਉਸ ਦੀ ਨਦਰ ਤੋਂ ਬਿਨਾਂ ਹੋ ਸਕਦੀ ਹੈ। ਕਿਉਂਕਿ ਇਸ ਸੰਸਾਰ ਵਿਚ ਰੁਕਾਵਟਾਂ ਭੁਲੇਖੇ ਬਹੁਤ ਹਨ ਜਿਹੜੇ ਇਨਸਾਨ ਨੂੰ ਸਹੀ ਮਾਰਗ ਤੇ ਚਲਣ ਨਹੀਂ ਦਿੰਦੇ।

ਹਜ਼ੂਰ ਫੁਰਮਾਉਂਦੇ ਹਨ ਕਿ ਰਾਜ-ਮਦ, ਜੋਬਨ-ਮਦ, ਮਾਇਆ-ਮਦ ਵਿਚ ਜੀਵ ਕਦੇ ਵੀ ਰੱਜਦਾ ਨਹੀਂ। ਸਗੋਂ ਹੋਰ ਚੀਜ਼ਾਂ ਪ੍ਰਾਪਤ ਕਰਨ ਲਈ ਦਹਿਦਿਸ਼ ਧਾਂਵਦਾ ਹੈ, ਜਦ ਕਿ ਪੂਰਨ ਸ਼ਾਂਤੀ ਦਾ ਸਾਧਨ ਸੱਚੇ ਦੇ ਗੁਣ ਗਾਉਣਾ ਹੈ—

ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ॥

(ਅੰਗ ੧੩੦੦)

ਮਨੋ-ਵਿਗਿਆਨਿਕ ਦ੍ਰਿਸ਼ਟੀ ਨਾਲ ਜੇ ਵੇਖੀਏ, ਤਾਂ ਪ੍ਰਤੱਖ ਨਤੀਜਾ ਇਹ ਨਿਕਲੇਗਾ ਕਿ ਜਿਸ ਵੀ ਦੈਵੀ ਪੁਰਖ ਦੇ ਗੁਣ ਗਾਇਣ ਕਰਾਂਗੇ, ਸੁਣਾਂਗੇ ਤੇ ਹਿਰਦੇ ਵਿਚ ਵਸਾਵਾਂਗੇ, ਫਿਰ ਉਸੇ ਦੇ ਹੀ ਗੁਣ ਸਹਜ ਸੁਭਾਇ ਹਿਰਦੇ ਵਿਚ ਨਿਵਾਸ ਕਰਨਗੇ। ਇਸੇ ਕਰਕੇ ਸਤਿਗੁਰੂ ਨੇ ਸਾਨੂੰ ਬਾਰ-ਬਾਰ ਪਰਮੇਸ਼ਰ ਦੇ ਗੁਣ ਗਾਉਣ ਲਈ ਕਿਹਾ ਹੈ।

ਸੋ ਜਿਸ ਗੁਰਸਿੱਖ ਤੇ ਗੁਰੂ ਦੀ ਕਲਾ ਵਰਤਦੀ ਹੈ, ਉਹ ਇੰਨਾ ਸੰਤੋਖ ਮਈ ਬਣ ਜਾਂਦਾ ਹੈ ਕਿ ਉਸ ਨੂੰ ਹੋਰ ਸੁਆਦਾਂ ਦੀ ਭੁੱਖ ਮਿਟ ਜਾਂਦੀ ਹੈ। ਕਿਉਂਕਿ ਨਾਮ-ਸਿਮਰਨ ਦੀ ਖ਼ੁਰਾਕ ਦੁਨਿਆਵੀ ਭੁੱਖ ਨੂੰ ਲੱਗਣ ਹੀ ਦਿੰਦੀ ਨਹੀਂ।

"ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ॥ ੧॥
ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ॥ ੨॥

....

ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਨਾ॥

(ਅੰਗ ੧੦੧੯)

ਦੁਨਿਆਵੀ ਕੰਮ ਤਾਂ ਸ਼ਾਇਦ ਗੁਰੂ ਤੋਂ ਬਿਨਾਂ ਸਿਰੇ ਲੱਗ ਜਾਣ, ਪਰ ਆਤਮਾ ਦੀ ਖੋਜ ਤੇ ਪ੍ਰਮਾਤਮਾ ਦੀ ਭਗਤੀ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਹੋ ਹੀ ਨਹੀਂ ਸਕਦੀ। ਕਿਉਂਕਿ ਦੁਨਿਆਵੀ ਪੜ੍ਹਾਈ ਪੜ੍ਹਾਉਣ ਵਾਲਾ ਗੁਰੂ (ਉਸਤਾਦ) ਮਾਇਆ ਦੀ ਫੀਸ ਲੈਂਦਾ ਹੈ। ਪਰ ਆਤਮਿਕ ਸਿੱਖਿਆ ਦੇਣ ਵਾਲਾ, ਗੁਰੂ ਵੀ ਫੀਸ ਲੈਂਦਾ ਹੈ। ਪੰਜਵੇ ਪਾਤਿਸ਼ਾਹ ਗੁਰਬਾਣੀ ਵਿਚ ਲਿਖ ਕੇ ਗਏ ਹਨ,

"ਮਤ ਕੋ ਭਰਮਿ ਭੁਲੈ ਸੰਸਾਰਿ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ॥

(ਅੰਗ ੮੬੪)

ਸੰਸਾਰ ਵਿਚ ਜਿੰਨੇ ਵੀ ਰਿਸ਼ੀ-ਮੁਨੀ ਅਵਤਾਰ ਹੋਏ ਹਨ, ਸਭ ਨੂੰ ਗੁਰੂ ਧਾਰਨ ਕਰਨਾ ਪਿਆ। ਕਿਉਂਕਿ ਗੁਰੂ ਤੋਂ ਬਿਨਾਂ ਇਹ ਭਗਤੀ ਨਿਗੁੱਰੀ ਭਗਤੀ ਮੰਨੀ ਜਾਂਦੀ ਹੈ। ਸੋ ਗੁਰੂ ਦੀ ਮਤਿ ਛੱਡ ਕੇ ਆਪਣੀ ਮਤਿ ਅਨੁਸਾਰ ਭਗਤੀ ਕਰਨ ਵਾਲਾ "ਮਨਮੁਖ" ਹੁੰਦਾ ਹੈ। ਕਿਉਂਕਿ ਗੁਰੂ ਤੋਂ ਬਿਨਾਂ ਭਗਤੀ ਹੋ ਹੀ ਨਹੀਂ ਸਕਦੀ।

"ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥

(ਅੰਗ ੭੬੮)

ਮਨਮੁਖ ਤੇ ਨਿਗੁਰੇ ਬੰਦੇ ਦੀ ਬੰਦਗੀ ਐਸੀ ਖੋਟੀ ਹੁੰਦੀ ਹੈ ਕਿ ਕੱਲਰ ਵਿਚ ਹੀ ਬੀਜ ਸੁੱਟੀ ਜਾਂਦਾ ਹੈ।

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥

(ਅੰਗ ੧੨੭੫)

ਗੁਰੂ ਤੋਂ ਬਿਨਾਂ ਇਹ ਸਭ ਜੱਗ ਅੰਧਾ ਹੈ ਤੇ ਅੰਧੇ ਹੀ ਕਰਮਾਂ ਨੂੰ ਕਮਾਉਂਦੇ ਨੇ।

ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ॥

(ਅੰਗ ੫੫੪)

ਤੀਸਰੇ ਪਾਤਿਸ਼ਾਹ ਜੀ ਦਾ ਫੁਰਮਾਣ ਹੈ, ਪ੍ਰਮਾਤਮਾ ਜੋ ਸਾਰੇ ਜੁਗਾਂ ਦਾ ਕਰਤਾ ਹੈ। ਅਗਰ ਉਹ ਕ੍ਰਿਪਾ-ਦ੍ਰਿਸ਼ਟੀ ਕਰੇ ਤਾਂ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ। ਔਰ ਗੁਰੂ ਦੀ ਬਾਣੀ ਰਾਹੀਂ ਹੀ ਹਰੀ ਮਨ ਵਿਚ ਵੱਸਦਾ ਹੈ। ਪਰ ਇਸ ਦੀ ਪ੍ਰਾਪਤੀ ਸਤਿਸੰਗ ਤੋਂ ਬਿਨਾਂ ਨਹੀਂ ਹੋ ਸਕਦੀ। ਔਰ ਜਿਸ ਨੂੰ ਵੀ ਇਹ ਦਾਤ ਮਿਲ ਜਾਏ, ਉਹ ਕਦੇ ਵੀ ਇਕੱਲਾ ਮਹਿਸੂਸ ਨਹੀਂ ਕਰਦਾ। ਫਿਰ ਗੁਰੂ ਆਪ ਉਸ ਦੇ ਘਰਾਂ ਦੀ, ਦੁਕਾਨਦਾਰਾਂ ਦੀ ਤੇ ਕਾਰਖਾਨਿਆਂ ਤੇ ਆਪ ਪਹਿਰਾ ਦਿੰਦਾ ਹੈ। ਗੁਰੂ ਹਰ ਵੇਲੇ ਉਸ ਦੀ ਰਾਖੀ ਕਰਦਾ ਹੈ, ਕਿਧਰੇ ਮੇਰਾ ਬੱਚਾ ਗਲਤ ਰਾਹ ਵੱਲ ਨਾ ਤੁਰ ਜਾਏ।

ਇਸ ਲਈ ਗੁਰੂ ਦੇ ਰੰਗ ਵਿਚ ਰੰਗੇ ਰਹਿਣਾ, ਉਸ ਦੇ ਹੁਕਮਾਂ ਤੇ ਚੱਲਣਾ ਔਰ ਉਸ ਦੇ ਬਚਨਾਂ ਨੂੰ ਪੱਲੇ ਬੰਨ੍ਹ ਕੇ ਤੁਰਨ ਨਾਲ ਹੀ ਗੁਰੂ ਪ੍ਰਸੰਨ ਹੁੰਦਾ ਹੈ। ਜੇਕਰ ਅਸੀਂ ਨਿਰਮਲ ਹੋ ਕੇ ਗੁਰੂ ਦੇ ਰੰਗ ਵਿਚ ਰੰਗੇ ਜਾਈਏ, ਬੰਦਗੀ ਕਰੀਏ, ਤਾਂ ਹੀ ਸੂਖਮ ਰੂਪ ਵਿਚੋਂ "ਗੁਰੂ ਅੰਗ" ਮਹਿਸੂਸ ਹੋਵੇਗਾ। ਇਸ ਲਈ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰੀਏ ਤੇ ਗੁਰੂ

ਤੋਂ ਕਿਰਪਾ ਮੰਗੀਏ। ਫਿਰ ਜਦੋਂ ਮਨ ਨਿਰਮਲ ਹੋ ਗਿਆ ਤਾਂ—

"ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥"

(ਅੰਗ ੧੩੬੭)

ਸੋ ਜਿਸ ਸ਼ਰਧਾ ਵਾਲੇ ਮਨੁੱਖ ਨੂੰ ਇਹ ਅਵਸਥਾ ਮਿਲ ਗਈ ਤਾਂ ਮੱਤ ਸਮਝਣਾ ਕਿ ਉਹ ਇਕੱਲਾ ਹੈ। ਉਸ ਦੇ ਨਾਲ ਮਾਲਿਕ ਤੇ ਸ਼ਹੀਦੀ ਫੌਜਾਂ ਵੀ ਹੋਣਗੀਆਂ। ਉਹ ਜਿਥੇ ਜਿਥੇ ਜਾਏਗਾ, ਇਹ ਸਭ ਫੌਜਾਂ ਉਸ ਦੇ ਨਾਲ ਹੀ ਜਾਣਗੀਆਂ। ਔਰ ਜਿਥੇ ਮਨੁੱਖ ਨਿਰੰਕਾਰ ਦੇ ਹੁਕਮ ਅਨੁਸਾਰ ਹੀ ਕਾਰਜ ਕਰਦੇ ਨੇ। ਉਥੇ ਨਿਰੰਕਾਰ ਵੀ ਉਸ ਆ ਰਹੀ ਰੁਕਾਵਟ ਨੂੰ ਦੂਰ ਕਰੇਗਾ। ਸੋ ਉਸ ਦੇ ਹੁਕਮ ਅਨੁਸਾਰ ਚਲਣ ਨਾਲ ਹੀ ਗੁਰੂ ਨੂੰ ਪ੍ਰਸੰਨਤਾ ਹੁੰਦੀ ਹੈ। ਜੇਕਰ ਤੁਹਾਡੀ ਜ਼ਿੰਦਗੀ ਵਿਚ ਖ਼ੁਸ਼ੀਆਂ ਹਨ, ਤਾਂ ਵੀ ਉਸ ਗੁਰੂ ਨੂੰ ਆਪਣੇ ਹਿਰਦੇ ਵਿਚ ਵਸਾਉ। ਔਰ ਅਗਰ ਤੁਹਾਡੀ ਜ਼ਿੰਦਗੀ ਵਿਚੋਂ ਖ਼ੁਸ਼ੀਆਂ ਚਲੀਆਂ ਗਈਆਂ ਹਨ ਤੇ ਤਾਂ ਵੀ ਉਸ ਦਾ ਭਾਣਾ ਸਮਝ ਕੇ ਚਲੋ।

ਤੇਰਾ ਕੀਆ ਮੀਠਾ ਲਾਗੈ॥

ਇਸ ਬਚਨ ਨੂੰ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਵਸਾ ਕੇ ਰੱਖਣਾ। ਫਿਰ ਤੁਸੀਂ ਹਰ ਮੁਸੀਬਤ ਦਾ ਡੱਟ ਕੇ ਸਾਹਮਣਾ ਕਰਨ ਲਈ ਤਿਆਰ ਰਹੋਗੇ। ਗਿਆਨੀ ਮਾਨ ਸਿੰਘ ਜੀ ਇਕ ਹੋਰ ਪੰਕਤੀ ਦੀ ਵਿਆਖਿਆ ਕਰਕੇ ਦਸਦੇ ਹਨ,

"ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥

(ਅੰਗ ੪੭੩)

ਇਸ ਦੇ ਅਰਥ "ਗੁਰੂ ਗ੍ਰੰਥ ਸਾਹਿਬ ਜੀ" ਇਹ ਦਸਦੇ ਹਨ ਕਿ ਜਿਹੜੇ ਮਨੁੱਖ ਅੰਦਰੋਂ ਤਾਂ ਪ੍ਰਭੂ ਦੇ ਪਿਆਰ ਤੋਂ ਕੋਰੇ ਹਨ, ਪਰ ਬਾਹਰੋਂ ਵਿਖਾਵੇ ਦੀ ਧਾਰਮਿਕ ਇੱਜ਼ਤ ਬਣਾਈ ਰੱਖਦੇ ਹਨ, ਉਹ ਭੇਖੀ ਹਨ। ਲੇਕਿਨ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਰੱਬੀ ਪਿਆਰ ਹੁੰਦਾ ਹੈ ਤੇ ਬਾਹਰੋਂ ਭਾਵੇਂ ਗੁੱਦੜ ਹੀ ਹੋਣ ਅਰਥਾਤ ਫੱਟੇ ਕੱਪੜੇ ਹੀ ਕਿਉਂ ਨਾ ਪਾਏ ਹੋਣ, ਉਹ ਸੰਸਾਰ ਵਿਚ ਚੰਗੇ ਮਨੁੱਖ ਹਨ।

ਸੋ ਬਾਹਰਲੀ ਸੁੰਦਰਤਾ ਦਾ ਮਾਨ ਕਰਨਾ ਵਿਅਰੱਥ ਹੈ। ਕਿਉਂਕਿ ਗੁਰੂ ਘਰ ਵਿਚ ਕੇਵਲ ਅੰਦਰਲੀ ਸੁੰਦਰਤਾ ਹੀ ਵੇਖੀ ਜਾਂਦੀ ਹੈ। ਇਸ ਲਈ ਕੋਈ ਇਸਤਰੀ ਭਾਵੇਂ ਲੱਖ ਸ਼ਿੰਗਾਰ ਕਰੇ, ਜੇਕਰ ਉਹ ਆਪਣੇ ਪਤੀ ਨੂੰ ਹੀ ਚੰਗੀ ਨਹੀਂ ਲੱਗਦੀ ਤਾਂ ਉਸਦਾ ਸ਼ਿੰਗਾਰ ਕਰਨਾ ਵਿਅਰਥ ਹੈ। ਇਸ ਲਈ ਜੀਵ ਇਸਤਰੀ ਉਹੀ ਸੋਹਣੇ ਰੂਪ ਵਾਲੀ ਸਿਆਣੀ ਤੇ

ਚਤਰ ਸਮਝੀ ਜਾਏਗੀ, ਜਿਹੜੀ ਆਪਣੇ ਪ੍ਰਭੂ-ਪਤੀ ਨੂੰ ਪਿਆਰੀ ਲੱਗੇਗੀ।

"ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ॥

(ਅੰਗ ੯੭)

ਇਸ ਲਈ ਸਰੀਰ ਦੀ ਸੁੰਦਰਤਾ ਨਾਲੋਂ ਸ਼ੁਭ ਗੁਣਾਂ ਦੀ ਸੁੰਦਰਤਾ ਹੋਣੀ ਅਤਿ ਜ਼ਰੂਰੀ ਹੈ। ਇਸ ਲਈ ਇਹ ਗੁਣ ਜਿਸ ਕੋਲ ਵੀ ਹੋਣਗੇ, ਭਾਵੇਂ ਉਹ ਸਰੀਰ ਕਰਕੇ ਕਰੂਪ ਹੀ ਕਿਉਂ ਨਾ ਹੋਵੇ, ਫਿਰ ਵੀ ਉਹ ਸੁੰਦਰ ਹੈ। ਪਰ ਜੋ ਮਨਮੁਖ ਵਿਅਕਤੀ ਹੈ, ਉਹ ਬਾਹਰੋਂ ਭਾਵੇਂ ਸਰੀਰ ਕਰਕੇ ਸੁੰਦਰ ਵੀ ਹੋਵੇ ਪਰ ਫਿਰ ਵੀ ਉਹ ਕਰੂਪ ਹੈ।

ਇਸ ਲਈ "ਭਗਤ ਕਬੀਰ" ਜੀ ਕਹਿੰਦੇ ਨੇ, ਜਿਹੜਾ ਮਨੁੱਖ ਪ੍ਰਭੂ ਦੀ ਬੰਦਗੀ ਨਹੀਂ ਕਰਦਾ, ਉਹ ਸੁੰਦਰ ਸਰੀਰ ਵੀ ਆਤਮਾ ਮਲੀਨ ਹੋਣ ਕਰਕੇ ਬਦਸ਼ਕਲ ਹੈ।

"ਕਹੁ ਕਬੀਰ ਜੈਸੇ ਸੁੰਦਰ ਸਰੂਪ॥
ਨਾਮ ਬਿਨਾ ਜੈਸੇ ਕੁਬਜ ਕੁਰੂਪ॥"

(ਅੰਗ ੩੨੮)

ਇਸ ਲਈ ਜਿਹੜੇ ਅੰਦਰੋਂ ਮੈਲੇ ਹਨ, ਉਹ ਬਾਹਰੋਂ ਨਿਰਮਲ ਅਖਵਾਉਂਦੇ ਨੇ। ਇਸ ਲਈ ਜਿਹੜਾ ਮਨੁੱਖ ਦੇ ਰੰਗ ਵਿਚ ਨਹੀਂ ਰੰਗਿਆ, ਭਾਵ ਕਿ ਜੋ ਜਨਮ ਸਾਨੂੰ ਗੁਰੂ ਨੇ ਦਿੱਤਾ ਹੈ। ਫਿਰ ਉਸ ਨੇ ਆਪਣਾ ਜਨਮ ਜੂਏ ਵਿਚ ਵੀ ਗੁਜ਼ਾਰ ਦਿੱਤਾ,

ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥

(ਅੰਗ ੧੩੮੦)

ਸੋ ਜਿਹੜੇ ਸਤਿਸੰਗਤ ਵਿਚ ਬੈਠ ਕੇ ਪ੍ਰਭੂ ਨਾਲ ਪਿਆਰ ਕਰਦੇ ਹਨ, ਉਹਨਾਂ ਨੂੰ ਸਦਾ ਗਾਉਂਦੇ ਹਨ, ਉਹ ਹੀ ਸੋਹਣੇ ਹਨ। ਜਿਨ੍ਹਾਂ ਨੂੰ ਪ੍ਰਭੂ ਨੇ ਗੁਰਮੁਖਾਂ ਦਾ ਮੇਲ ਬਖ਼ਸ਼ਿਆ ਹੈ—

ਸਤਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ॥
ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ॥

(ਅੰਗ ੮੪੯)

ਸੋ ਸਤਿਸੰਗੀਓ ! ਗੁਰਮੁਖਾਂ ਦਾ ਮੇਲ-ਮਿਲਾਪ ਕਰਨ ਨਾਲ ਹੀ ਅੰਦਰੋਂ ਬਾਹਰੋਂ ਬੰਦਾ ਸੁੰਦਰ ਹੋ ਸਕਦਾ ਹੈ। ਇਸ ਲਈ ਉਹਨਾਂ ਦੀ ਸੰਗਤ ਨਹੀਂ ਕਰਨੀ, ਜੋ ਗੁਰੂ ਵਲੋਂ ਬੇਮੁੱਖ ਹੋਣ।

ਸੋ ਗੁਰੂ ਕੀ ਪਿਆਰੀ ਸੰਗਤ ਜੀ ! ਗੁਰੂ ਜੀ ਨੇ ਤੁਹਾਨੂੰ ਕਈ ਤਰ੍ਹਾਂ ਦੇ ਪ੍ਰਮਾਣ ਦੇ ਕੇ ਕੇਵਲ ਇਹੋ ਸੰਦੇਸ਼ ਦਿੱਤਾ ਹੈ ਕਿ ਬਾਣੀ ਤੋਂ ਬਿਨਾਂ ਜ਼ਿੰਦਗੀ ਵਿਚ ਕੋਈ ਆਸਰਾ ਨਹੀਂ। ਔਰ ਇਹ ਬਾਣੀ ਕੇਵਲ ਸਤਿਸੰਗਤ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਜੇਕਰ ਅੰਦਰੋਂ ਸ਼ੁੱਧ ਹੋਣਾ ਹੈ, ਤਾਂ ਬਾਹਰੋਂ ਵੀ ਸ਼ੁੱਧ ਬਣਨਾ ਪਵੇਗਾ। ਕਿਉਂਕਿ ਮਨ ਵਿਚ ਨਿਰਮਲਤਾ ਹੋਣੀ ਬਹੁਤ ਜ਼ਰੂਰੀ ਹੈ, ਤਾਂ ਹੀ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ।

***

ਹਿਰਦੇ ਦੀ ਸੇਜ

ਸਿੱਖ ਧਰਮ ਵਿਚ ਗੁਰਬਾਣੀ ਨੂੰ ਗੁਰੂ ਮੰਨਿਆ ਗਿਆ ਹੈ। ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦੀ ਆਤਮਿਕ ਜੋਤ ਹਨ। ਇਸ ਬੇਮਿਸਾਲ ਤੇ ਅਦੁੱਤੀ ਗ੍ਰੰਥ ਵਿਚ ਧੁਰੋਂ ਆਈ ਖਸਮ ਦੀ ਬਾਣੀ, ਭਾਵ ਸੱਚ ਦਾ ਗਿਆਨ ਦਰਜ ਹੈ। ਇਸੇ ਤਰ੍ਹਾਂ ਸਿੱਖ ਗੁਰੂ ਕੋਲ ਜਦੋਂ ਰਹਿੰਦਾ ਹੈ, ਭਾਵ ਕਿ ਉਸਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਉਹ ਸਭ ਕੁਝ ਭੁੱਲ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਇਕ ਫੁਰਮਾਣ ਕੇ ਕੇ ਸਮਝਾ ਰਹੇ ਹਨ ਕਿ ਭਾਵੇਂ ਜਿੰਨੇ ਮਰਜ਼ੀ ਅਸੀਂ ਆਪਣੇ ਮਹੱਲ ਬਣਵਾ ਲਈਏ ਜਿੰਨੀ ਮਰਜ਼ੀ ਜਾਇਦਾਦ ਬਣਵਾ ਲਈਏ ਪਰ ਸਾਡੇ ਮਨ ਵਿਚ ਇਹ ਸੋਚ ਤਾਂ ਹਰ ਵਕਤ ਲੱਗੀ ਰਹਿੰਦੀ ਹੈ ਕਿ ਅਸੀਂ ਇਕ ਨਾ ਇਕ ਦਿਨ ਤੇ ਮਰ ਹੀ ਜਾਣਾ ਹੈ ਨਾ ! ਔਰ ਇਹ ਸਭ ਕੁਝ ਬਣਾਇਆ ਹੋਇਆ ਇਥੇ ਹੀ ਰਹਿ ਜਾਣਾ ਹੈ।

ਭਗਵਾਨ ਵਸ਼ਿਸ਼ਟ ਰਾਮ ਚੰਦਰ ਨੂੰ ਪੜ੍ਹਾ ਰਹੇ ਸਨ ਤੇ ਰਾਮ ਚੰਦਰ ਜੀ ਵੀ ਪੜ੍ਹ ਰਹੇ ਸਨ। ਔਰ ਵਸਿਸ਼ਟ ਜੀ ਪੜ੍ਹਾਉਂਦੇ ਪੜ੍ਹਾਉਂਦੇ ਇਥੋਂ ਤੱਕ ਪਹੁੰਚ ਗਏ ਕਿ ਹੇ ਰਾਮ ! ਇਹ ਸੰਸਾਰ ਤ੍ਰੈਹੀ ਕਾਲ ਵਿਚ ਹੈ। ਜਿਸ ਵੇਲੇ ਰਾਮ ਚੰਦਰ ਜੀ ਮਸਤ ਹੋਏ ਸਨ ਤਾਂ ਇਕ ਸੱਪ ਉਥੋਂ ਨਿਕਲ ਕੇ ਆਇਆ ਤੇ ਸਿੱਧਾ ਰਾਮ ਚੰਦਰ ਜੀ ਵੱਲ ਹੀ ਚਲਾ ਗਿਆ। ਜਦੋਂ ਰਾਮ ਚੰਦਰ ਜੀ ਨੇ ਵੇਖਿਆ ਕਿ ਸੱਪ ਆ ਗਿਆ ਹੈ ਤੇ ਉਹ ਉਸੇ ਵੇਲੇ ਉਥੋਂ ਦੌੜ ਗਏ। ਫਿਰ ਸੱਪ ਆਪਣੇ ਰਾਹ ਚਲੇ ਗਿਆ ਤੇ ਰਾਮ ਚੰਦਰ ਜੀ ਫਿਰ ਉਥੇ ਆ ਕੇ ਬੈਠ ਗਏ। ਇਹ ਵਸਿਸ਼ਟ ਜੀ ਵੇਖ ਕੇ ਕਹਿਣ ਲੱਗੇ ਕਿ ਇਹ ਸੱਪ ਤਾਂ ਝੂਠਾ ਸੀ, ਫਿਰ ਤੁਸੀਂ ਇਸ ਨੂੰ ਵੇਖ ਕੇ ਕਿਉਂ ਦੌੜ ਗਏ ? ਇਸ ਨੂੰ ਵੇਖ ਕੇ ਤੁਹਾਨੂੰ ਕਿਉਂ ਭੈ ਆ ਗਿਆ। ਇਹ ਸਭ ਸੁਣ ਕੇ ਰਾਮ ਚੰਦਰ ਜੀ ਕਹਿਣ ਲੱਗੇ ਕਿ ਜਿਹੜਾ ਮੈਂ ਦੌੜਿਆਂ ਸੀ, ਇਹ ਵੀ ਕਿਹੜਾ ਸੱਚ ਸੀ। ਇਹ ਵੀ ਤਾਂ ਝੂਠਾ ਹੀ ਸੀ।

ਸੋ ਅਸੀਂ ਉਸ ਝੂਠ ਨੂੰ ਸੱਚ ਜਾਣ ਕੇ ਆਪਣੇ ਪੱਲੇ ਬਣ ਲਿਆ ਹੈ। ਜਿਸ ਝੂਠ ਨੇ ਕਦੇ ਸਾਥ ਨਹੀਂ ਨਿਭਣਾ। ਜਿਵੇਂ ਕਿ ਸਾਰਾ ਦਿਨ ਸੂਰਜ ਚੱਲਦਾ ਹੈ, ਇਕ ਮਿੰਟ ਵੀ ਕਿਤੇ ਨਹੀਂ ਖਲੋਂਦਾ। ਇਸੇ ਤਰ੍ਹਾਂ ਚੰਦਰਮਾਂ ਵੀ ....

ਏਕੋ ਜਪਿ ਏਕੋ ਸਾਲਾਹਿ॥

(ਅੰਗ ੨੮੯)

ਮਨਿ ਤਨ ਜਾਪਿ ਏਕ ਭਗਵੰਤ॥
ਮਨਿ ਤਨ ਜਾਪਿ ਏਕ ਭਗਵੰਤ॥

ਬਰਸਿਆ ਅੰਮ੍ਰਿਤ ਤੇ ਜਦੋਂ ਸਮਾਪਤੀ ਹੋਈ ਲੋਕੀਂ ਘਰਾਂ ਨੂੰ ਚਲੇ ਗਏ ਪ੍ਰਸ਼ਾਦਿ ਲੈ ਕੇ। ਔਰ ਸਾਰੇ ਪਾਸੇ ਇਹ ਚਰਚਾ ਹੋਈ ਕਿ ਐਸੇ ਰਾਗੀ, ਸਿਦਕ-ਭਰੋਸੇ ਵਾਲੇ, ਪ੍ਰੇਮ ਦੇ ਪੁੱਤਲੇ ਤੇ ਸੁਧਾਰ-ਸੁਧਾਰ ਕੇ ਕੀਰਤਨ ਕਰਦੇ ਸਨ।

"ਬੰਧਨਾ ਹਰਿ ਬੰਧਨਾ ਗੁਣ ਗਾਵਹੁ ਗੋਪਾਲ ਰਾਇ॥"

(ਅੰਗ ੬੮੩)

ਇਸ ਦੇ ਉੱਪਰ ਇਹ ਵੀ ਲਿਖਿਆ ਹੈ ਕਿ ਘਰ ੧੨॥ ਭਾਵ ਕਿ ਇਸ ਨੂੰ ਬਾਰਹਾਂ ਤਾਲ ਵਿਚ ਗਾਇਣ ਕਰੋ। ਆਮ ਸੰਗੀਤਕਾਰਾਂ ਨੇ ੧੮ ਘਰ ਮੰਨੇ ਨੇ ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ੧੮ ਘਰ ਮੰਨੇ ਹੀ ਨਹੀਂ ਹਨ।

"ਸੁਧਾਰ ਕੇ ਕੀਰਤਨ" ਤੋਂ ਇਹ ਭਾਵ ਹੈ ਕਿ 'ਗਉੜੀ ਚੇਤੀ' ਗਉੜੀ ਬੈਰਾਗਨ ! ਇਹ ਇਕੱਠੇ ਗਾਏ ਜਾ ਸਕਦੇ ਨੇ। ਸੋ ਰਾਗੀ ਸੀ ਦਾਨੇ ਤੇ ਕੀਰਤਨ ਵੀ ਸੁਧਾਰ ਕੇ ਕੀਤਾ। ਬੜੀ ਜੈ ਜੈਕਾਰ ਹੋਈ ਉਹਨਾਂ ਦੀ। ਫਿਰ ਅਗਲੇ ਦਿਨ "ਭਾਈ ਜਗਤਾ" ਵੀ ਆ ਗਿਆ ਤੇ ਰਾਗੀਆਂ ਨੇ ਫਿਰ ਉਸੇ ਤਰ੍ਹਾਂ ਹੀ ਕੀਰਤਨ ਦਾ ਆਰੰਭ ਕੀਤਾ। ਉਹਨਾਂ ਦਾ ਮਿੱਠਾ ਕੀਰਤਨ ਸੁਣਦਿਆਂ ਸੁਣਦਿਆਂ ਸਾਰੇ ਰਾਗੀ ਤੇ ਸਰੋਤੇ ਰੰਗ ਵਿਚ ਰੰਗੇ ਗਏ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਗੁਰਦੁਆਰੇ ਦੀਆਂ ਕੰਧਾਂ ਵੀ ਝੂਮ ਰਹੀਆਂ ਹਨ।

"ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ (ਪਿਆਰੇ)
ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ॥

(ਅੰਗ ੧੩੮)

ਗੁਰਦੁਆਰੇ ਵਿਚ ਅਰਦਾਸ ਹੋਣ ਤੋਂ ਬਾਅਦ, ਪਾਠ ਹੋਣ ਤੋਂ ਬਾਅਦ 'ਭਾਈ ਜਗਤਾ' ਉਠ ਕੇ ਖਲੋ ਗਿਆ। ਔਰ ਕਹਿਣ ਲੱਗਾ ਕਿ ਮੈਂ ਸੰਕਲਪ ਕੀਤਾ ਹੋਇਆ ਹੈ "ਗੁਰੂ ਗੋਬਿੰਦ ਸਿੰਘ ਸਾਹਿਬ" ਦੇ ਦਰਸ਼ਨਾਂ ਦਾ ਤੇ ਤੁਹਾਡੇ ਨਾਲ ਆਏ ਹੋਏ ਜੱਥੇ ਨੇ ਕੀਰਤਨ ਨਾਲ ਮਨ ਮੋਹ ਲਿਆ ਹੈ। ਇਸ ਲਈ ਮੈਂ ਵੀ ਤੁਹਾਡੇ ਇਸ ਜੱਥੇ ਨਾਲ ਸੰਗ ਕਰਕੇ "ਸ੍ਰੀ ਆਨੰਦਪੁਰ ਸਾਹਿਬ" ਜਾਣਾ ਚਾਹੁੰਦਾ ਹਾਂ। ਮੈਂ ਆਪਣੇ ਪ੍ਰੀਤਮ ਦੀ ਸੁੰਦਰ ਨਗਰੀ ਵੇਖਣਾ ਚਾਹੁੰਦਾ ਹਾਂ,

ਇਸ ਲਈ ਕੀ ਤੁਸੀਂ ਮੈਨੂੰ ਆਪਣੇ ਨਾਲ ਲੈ ਚਲੋਗੇ ? ਇਹ ਸਭ ਸੁਣ ਕੇ ਜਥੇਦਾਰ ਸਾਹਿਬ ਕਹਿਣ ਲੱਗੇ ਭਾਈ ਜਗਤੇ ਨੂੰ ਕਿ ਅਸੀਂ ਤਾਂ ਵਰ੍ਹੇ ਦੇ ਵਰ੍ਹੇ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਂਦੇ ਹਾਂ ਤੇ ਬਹੁਤ ਸਾਰੀ ਦਸਵੰਦ ਵੀ ਗੁਰੂ ਜੀ ਦੇ ਅੱਗੇ ਭੇਟਾ ਕਰਦੇ ਹਾਂ। ਬੜੇ ਬੜੇ ਸੁੰਦਰ ਕਾਲੀਨ ਗਲੀਚੇ ਤੇ ਬੜੀਆਂ ਹੀ ਸੋਹਣੀਆਂ ਤਲਵਾਰਾਂ ਅਸੀਂ ਸਾਹਿਬਾਂ ਨੂੰ ਜਾ ਕੇ ਭੇਟ ਕਰਦੇ ਹਾਂ। ਪਰ ਭਾਈ ਜਗਤਿਆ........ ਸਾਹਿਬਾਂ ਨੇ ਕਦੇ ਗਲੀਚਿਆਂ ਵੱਲ ਨਹੀਂ ਦੇਖਿਆ, ਕਦੇ ਚਾਂਦੀ ਸੋਨੇ ਵੱਲ ਨਹੀਂ ਦੇਖਿਆ। ਬਲਕਿ ਸਭ ਤੋਂ ਪਹਿਲਾਂ ਤਾਂ ਸਾਡੇ ਕੋਲੋਂ ਤੇਰੀ ਸੁੱਖ ਸਾਂਦ ਬਾਰੇ ਪੁੱਛਦੇ ਨੇ। ਉਹ ਤੰਦਰੁਸਤ ਹੈ, ਰੋਜ਼ ਨਿਤਨੇਮ ਕਰਦਾ ਹੈ, ਬਾਣੀ ਪੜ੍ਹਦਾ ਹੈ ਤੇ ਰੋਜ਼ ਗੁਰਮਤਿ ਦਾ ਪ੍ਰਚਾਰ ਦਿੰਦਾ ਹੈ ਤੇ ਕਰਦਾ ਵੀ ਹੈ। ਸੋ ਸਭ ਤੋਂ ਪਹਿਲਾਂ ਤੇਰੀ ਹੀ ਉਥੇ ਜਾ ਕੇ ਗੱਲਬਾਤ ਹੁੰਦੀ ਹੈ ਤੇ ਬਾਕੀ ਸਭ ਗੱਲਾਂ ਦਾ ਜ਼ਿਕਰ ਬਾਅਦ ਵਿਚ ਹੁੰਦਾ ਹੈ। ਔਰ ਜੇਕਰ ਤੂੰ ਸਾਡੇ ਨਾਲ ਤੁਰਨ ਲਈ ਤਿਆਰ ਹੋ ਜਾਵੇ ਤਾਂ ਸਾਡੇ ਜੱਥੇ ਦਾ ਆਦਰ ਵੱਧ ਜਾਏ। ਚੱਲ, ਅਸੀਂ ਤੈਨੂੰ ਲੈ ਚਲਨੇ ਹਾਂ। ਫਿਰ ਭਾਈ ਜਗਤੇ ਨੇ ਕਿਹਾ ਕਿ ਲੈ ਚਲਣ ਤੋਂ ਭਾਵ ਇਹ ਨਹੀਂ ਕਿ ਮੇਰੇ ਕੋਲ ਪੈਸੇ ਹੈ ਨਹੀਂ, ਮੈਂ ਕੰਗਾਲ ਹਾਂ। ਬਲਕਿ ਸਤਿਗੁਰਾਂ ਦਾ ਬਖ਼ਸ਼ਿਆ ਹੋਇਆ ਧਨ ਮੇਰੇ ਕੋਲ ਤਾਂ ਬੇਅੰਤ ਹੈ। ਔਰ ਇਹ ਵੀ ਗੱਲ ਨਹੀਂ ਕਿ ਮੈਂ ਕੋਈ ਲੂਲ੍ਹਾ ਲੰਗੜਾਂ ਹਾਂ ਤੇ ਮੇਰੇ ਕੋਲੋਂ ਤੁਰਿਆ ਨਹੀਂ ਜਾਣਾ। ਮੈਂ ਤਾਂ ਬਿਲਕੁਲ ਤੰਦਰੁਸਤ ਹਾਂ। ਫਿਰ ਜਥੇਦਾਰ ਜੀ ਕਹਿਣ ਲੱਗੇ ਕਿ ਸੋਚਣ ਵਾਲੀ ਗੱਲ ਕਿਹੜੀ ਹੈ ? ਇਹ ਸੁਣ ਕੇ ਭਾਈ ਜਗਤਾ ਜੀ ਕਹਿਣ ਲੱਗੇ ਕਿ ਮੈਂ ਪ੍ਰਣ ਕੀਤਾ ਸੀ ਕਿ ਜਿਸ ਦਿਨ ਮੈਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਜਾਵਾਂਗਾ ਤਾਂ ਮੈਂ ਮੁਲਤਾਨੋਂ ਹੀ ਨੱਚਣ ਲੱਗ ਪੈਣਾ ਹੈ ਤੇ ਜਦੋਂ ਤੱਕ ਮੈਨੂੰ ਗੁਰੂ ਜੀ ਦੇ ਦਰਸ਼ਨ ਨਹੀਂ ਹੋ ਜਾਂਦੇ, ਉਹਦੋਂ ਤੱਕ ਮੈਂ ਨੱਚਦਾ ਹੀ ਜਾਵਾਂਗਾ। ਇਹ ਸਭ ਸੁਣ ਕੇ ਜਥੇਦਾਰ ਜੀ ਕਹਿਣ ਲੱਗੇ ਕਿ ਤੁਸੀਂ ਸਾਡੇ ਨਾਲ ਤੁਰਨ ਲਈ ਤਿਆਰ ਹੋਸ ਜਾਵੋ, ਬਾਕੀ ਜਿਸ ਤਰ੍ਹਾਂ ਤੁਸੀਂ ਕਰਨਾ ਚਾਹੁੰਦੇ ਹੋ ਉਸੇ ਹੀ ਤਰ੍ਹਾਂ ਕਰ ਲੈਣਾ।

ਜਦੋਂ ਆਨੰਦਪੁਰ ਸਾਹਿਬ ਤੱਕ ਪਹੁੰਚੇ ਤਾਂ ਉਥੋਂ ਦੀਆਂ ਪਹਾੜੀਆਂ ਨਜ਼ਰ ਆ ਗਈਆਂ। ਇਕ ਪਾਸੇ ਵੱਲ ਨੂੰ ਦਰਿਆ ਵਗਦਾ ਹੈ ਤੇ ਸਭ ਸੰਗਤਾਂ ਨੇ ਉਥੇ ਇਸ਼ਨਾਨ ਕੀਤਾ। ਔਰ ਭਾਈ ਜਗਤੇ ਨੇ ਵੀ ਇਸ਼ਨਾਨ ਕੀਤਾ। ਆਪਣੇ ਪ੍ਰੀਤਮ ਦਾ ਘਰ ਨੇੜੇ ਹੀ ਰਹਿ ਗਿਆ ਹੈ, ਇਹ ਸਭ ਸੁਣ ਕੇ ਭਾਈ ਜਗਤੇ ਨੂੰ ਚਾਅ ਚੜ੍ਹ ਗਏ। ਪਰ ਅਸਮਾਨ ਤੇ ਬਦਲੀ ਛਾਈ ਹੋਈ ਹੈ। ਉਸ ਵਿਚੋਂ ਬਿਜਲੀ ਵੀ ਚਮਕ ਰਹੀ ਹੈ। ਪਰ ਭਾਈ ਜਗਤੇ ਦੀ "ਹਿਰਦੇ ਦੀ ਸੇਜਾ" ਸੁੰਨੀ ਹੈ, ਖਾਲ੍ਹੀ ਹੈ। ਕਿਉਂਕਿ ਉਸ ਦਾ ਆਪਣੇ ਪ੍ਰੀਤਮ ਨਾਲ ਅਜੇ ਮਿਲਾਪ ਨਹੀਂ ਹੋਇਆ

ਹੈ। ਉਸ ਦਾ ਸਾਰਾ ਸਮਾਂ ਵਿਅਰਥ ਜਾ ਰਿਹਾ ਹੈ। ਇਸ ਲਈ ਗੁਰਸਿੱਖੋ ! ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਖਦਾਈ ਚੀਜ਼ਾਂ ਦੇ ਨਾਲ-ਨਾਲ ਦੁੱਖਦਾਈ ਚੀਜ਼ਾਂ ਵੀ ਹਨ। ਦੋਹਾਂ ਪਾਸਿਆਂ ਵਿਚ ਇਸ ਨੂੰ ਵਰਤਿਆ ਗਿਆ ਹੈ।

ਇਸੇ ਤਰ੍ਹਾਂ 'ਭਾਈ ਜਗਤੇ' ਨੂੰ ਵੀ ਆਨੰਦਪੁਰ ਦੇ ਰਸਤੇ, ਉਸਦੀਆਂ ਪਹਾੜੀਆਂ ਉਸ ਦੀਆਂ ਚੋਟੀਆਂ ਵੇਖਕੇ ਚਾਅ ਚੜ੍ਹ ਗਿਆ ਕਿਉਂਕਿ ਉਹ ਉਸਦੇ ਪਿਆਰੇ ਪ੍ਰੀਤਮ ਦਾ ਦੇਸ਼ ਸੀ। ਜਦੋਂ ਦੂਸਰੇ ਕਿਨਾਰੇ ਤੇ ਪਹੁੰਚੇ ਤਾਂ ਭਾਈ ਜਗਤੇ ਨੇ ਫਿਰ ਵੇਖਣਾ ਸ਼ੁਰੂ ਕਰ ਦਿੱਤਾ ਕਿ ਕਿੰਨਾ ਕੁ ਰਸਤਾ ਰਹਿ ਗਿਆ ਹੈ। ਕਿਉਂਕਿ ਉਸ ਨੂੰ ਆਪਣੇ ਪ੍ਰੀਤਮ ਨਾਲ ਮਿਲਣ ਦੀ ਬਹੁਤ ਤਾਂਘ ਸੀ। ਉਥੇ ਇਕ ਦਰਵਾਜ਼ਾ ਆਇਆ ਤੇ ਉਸ ਦਰਵਾਜ਼ੇ ਵਿਚੋਂ ਦੀ ਸਾਰੀ ਸੰਗਤ ਨੇ ਲੰਘਣਾ ਸੀ। ਔਰ ਜਿਸ ਵੇਲੇ ਭਾਈ ਜਗਤੇ ਦੀ ਵਾਰੀ ਆਈ ਤਾਂ ਉਹਨਾਂ ਵੇਖਿਆ ਕਿ ਸਾਹਮਣੇ "ਧੰਨ ਸ੍ਰੀ ਗੁਰੂ ਗੋਬਿੰਦ ਸਾਹਿਬ" ਜੀ ਬੈਠੇ ਹੋਏ ਹਨ। ਚੌੜੀ ਛਾਤੀ ਪਿੱਛੇ ਤੀਰਾਂ ਦਾ ਭੱਥਾ ਚੁਕਿਆ ਹੋਇਆ, ਮਸਤ ਤੇ ਖੀਵੇ ਜਿਹੇ ਨੈਣ ਉਹਨਾਂ ਦੇ ਤੇ ਜਿਨ੍ਹਾਂ ਨੈਣ ਕਟੋਰਿਆਂ ਵਿਚੋਂ ਦੀ ਇਹ ਅੰਮ੍ਰਿਤ ਡੁਲ੍ਹਦਾ ਹੈ। ਔਰ ਬੁੱਲ੍ਹਾਂ ਉਤੇ ਮੁਸਕਰਾਹਟ ਤੇ ਦਸਤੇ ਮੁਬਾਰਕ ਉਤੇ ਬਾਜ਼ ਤੇ ਕੰਧੇ ਉਤੇ ਕਮਾਨ। ਔਰ ਉਸ ਚੌੜੀ ਛਾਤੀ ਵਿਚ ਦਰਦਾਂ ਦਾ ਭਰਿਆ ਹੋਇਆ ਦਿਲ। ਔਰ ਭਾਈ ਜਗਤਾ ਉਹਨਾਂ ਦੇ ਦਰਸ਼ਨ ਕਰ ਕੇ ਮੋਹਿਆ ਗਿਆ।

ਸੋ ਜਿਨ੍ਹਾਂ ਨੂੰ ਆਪਣੇ ਸੱਜਣ ਨਾਲ ਪਿਆਰ ਹੈ, ਜਿਨ੍ਹਾਂ ਨੂੰ ਆਪਣੇ ਸੱਜਣ ਨਾਲ ਸਨੇਹ ਹੈ ਔਰ ਜਿਨ੍ਹਾਂ ਨੂੰ ਆਪਣੇ ਸੱਜਣ ਨਾਲ ਹਮਦਰਦੀ ਹੈ। ਇਹ ਅਵਸਥਾ ਉਹਨਾਂ ਵਾਸਤੇ ਹੈ। ਸਹਿਜੇ-ਸਹਿਜੇ ਲੋਕੀਂ ਅਗਾਂਹ ਹੁੰਦੇ ਗਏ ਤੇ ਆਪਣੀ ਵਾਰੀ ਅਨੁਸਾਰ ਮੱਥਾ ਟੇਕਦੇ ਗਏ ਤੇ ਫਿਰ ਭਾਈ ਜਗਤੇ ਦੀ ਵੀ ਵਾਰੀ ਆ ਗਈ।

ਇਤਿਹਾਸ ਵਿਚ ਇਹ ਜ਼ਿਕਰ ਆਇਆ ਹੈ ਕਿ ਜਦੋਂ ਭਾਈ ਜਗਤੇ ਦੀ ਮੱਥਾ ਟੇਕਣ ਦੀ ਵਾਰੀ ਆਈ ਤਾਂ ਉਹਨਾਂ ਨੇ ਬੜੀ ਫੁਰਤੀ ਨਾਲ, ਬੜੀ ਹੁਸ਼ਿਆਰੀ ਨਾਲ ਮੱਥਾ ਟੇਕਣ ਤੋਂ ਬਾਅਦ ਉਛਾਲ ਮਾਰ ਕੇ ਗੁਰੂ ਦੀ ਗੋਦ ਦੇ ਕੋਲ ਆ ਕੇ ਬੈਠ ਗਿਆ। ਫਿਰ ਆਪਣੀਆਂ ਬਾਹਾਂ ਗੁਰੂ ਜੀ ਦੇ ਗਲ੍ਹ ਵਿਚ ਪਾ ਕੇ ਉਹਨਾਂ ਨਾਲ ਚੰਬੜ ਕੇ ਬੈਠ ਗਿਆ ਤੇ ਆਪਣੀ ਮੁਲਤਾਨੀ ਭਾਸ਼ਾ ਵਿਚ ਕਹਿਣ ਲੱਗਾ, "ਉਹ ਮੈਂਡੇ ਮਾਈ" ਭਾਵ ਕਿ ਮੇਰੇ ਪਿਆਰਿਆ ! ਔਰ ਜਿਸ ਵੇਲੇ ਭਾਈ ਜਗਤੇ ਨੇ ਕਿਹਾ ਨਾ ਮੈਂਡੇ ਮਾਈ ਤਾਂ ਗੁਰੂ ਜੀ ਦੀਆਂ ਆਪਣੀਆਂ ਬਾਹਾਂ ਵੀ ਗਜ ਗਜ ਲੰਬੀਆਂ ਹੋ ਗਈਆਂ ਤੇ ਉਹਨਾਂ ਨੇ ਵੀ ਭਾਈ ਜਗਤੇ ਨੂੰ ਆਪਣੇ ਸੀਨੇ ਨਾਲ ਲਾ ਲਿਆ ਤੇ ਕਹਿਣ ਲੱਗੇ ਆ ਮੈਂਡੇ ਮਾਈ। ਸੋ ਉਹ ਗੁਰੂ ਜੀ ਨੂੰ ਕਹਿੰਦਾ ਹੈ ਤੇ ਗੁਰੂ ਜੀ

ਉਸ ਨੂੰ ਮੈਂਡਾ ਮਾਈ ਆਖਦੇ ਨੇ। ਇਸ ਸਾਰੀ ਵਿਆਖਿਆ ਦਾ ਅਰਥ "ਭਾਈ ਗੁਰਦਾਸ ਜੀ" ਇਹ ਦਸਣਾ ਚਾਹੁੰਦੇ ਨੇ ਕਿ ਜੇਕਰ ਸਿੱਖ ਗੁਰੂ ਦਾ ਬਣ ਜਾਏ ਤਾਂ ਗੁਰੂ ਉਸ ਨਾਲ ਕਿੰਨਾ ਕੁ ਪਿਆਰ ਕਰਦਾ ਹੈ ? ਅਸਲੀ ਨੁਕਤਾ ਤਾਂ ਇਹੋ ਹੈ। ਔਰ ਉਡਾਰੀ ਇਸ ਦੀ ਇਥੋਂ ਚੁੱਕਦੇ ਨੇ ਕਿ—

"ਪਾਣੀ ਕਾਠੁ ਨ ਡੋਬਈ"

ਕਾਠ ਤੋਂ ਭਾਵ ਹੈ ਕਿ ਲੱਕੜੀ। ਔਰ ਪਾਣੀ ਲੱਕੜੀ ਨੂੰ ਨਹੀਂ ਡੋਬਦਾ ਹੈ। ਇਹ ਸੁਣ ਕੇ ਸਿੱਖ ਕਹਿਣ ਲੱਗੇ ਕਿ ਇਹ ਬਚਨ ਤਾਂ ਤੁਸੀਂ ਕਿੰਨੀ ਵਾਰੀ ਸੁਣਾਇਆ ਹੈ। ਅਸੀਂ ਸੋਚਿਆ ਸੀ ਕਿ ਕੋਈ ਨਵਾਂ ਬਚਨ ਸੁਣਾਉਗੇ। ਇਹ ਸੁਣ ਭਾਈ ਗੁਰਦਾਸ ਜੀ ਮੁਸਕਰਾ ਪਏ ਤੇ ਕਹਿਣ ਲੱਗੇ ਕਿ ਤੁਸੀਂ ਇਹ ਤਾਂ ਬੜੀ ਵਾਰੀ ਸੁਣਿਆ ਹੈ ਕਿ ਪਾਣੀ ਕਾਠ ਨੂੰ ਨਹੀਂ ਡੋਬਦਾ ? ਇਸਦਾ ਕਾਰਨ ਕੀ ਹੈ ਫਿਰ ਸਿੱਖ ਕਹਿਣ ਲੱਗੇ ਇਹ ਨਹੀਂ ਪਤਾ ਕਿ ਕਿਉਂ ਨਹੀਂ ਡੋਬਦਾ। ਤੁਸੀਂ ਸਾਨੂੰ ਇਸ ਦਾ ਕਾਰਨ ਦੱਸ ਦਿਉ।

ਪਾਣੀ ਕਾਠੁ ਨ ਡੋਬਈ

ਇਹਨਾਂ ਪੰਕਤੀਆਂ ਦੇ ਅਰਥ ਭਾਈ ਜੀ ਦਸਦੇ ਹਨ ਕਿ ਪਾਣੀ ਕਹਿੰਦਾ ਹੈ ਕਿ ਮੈਂ ਇਸ ਨੂੰ ਪੁੱਤਰ ਸਮਝ ਕੇ ਪਾਲਿਆ ਹੈ। ਮੈਂ ਇਸ ਦੀਆਂ ਜੜ੍ਹਾਂ ਵਿਚ, ਇਸ ਦੇ ਮੁੱਢ ਵਿਚ ਪ੍ਰਵੇਸ਼ ਕੀਤਾ ਹੋਇਆ ਹੈ ਮੈਂ ਇਸ ਨੂੰ ਲੋਰੀਆਂ ਦੇ-ਦੇ ਕੇ ਪਾਲਿਆ ਹੋਇਆ ਹੈ। ਇਸ ਲਈ ਮੈਂ ਇਸ ਨੂੰ ਨਹੀਂ ਡੋਬਣਾ।

ਲੋਕੀਂ ਲੱਕੜੀ ਨੂੰ ਵੱਢਦੇ ਨੇ ਤੇ ਜਹਾਜ਼ ਨਾਲ ਜੋੜਦੇ ਨੇ। ਔਰ ਜਹਾਜ਼ ਅੱਗੋਂ ਵੀ ਤਿੱਖਾ ਹੁੰਦਾ ਹੈ ਤੇ ਪਿੱਛੋਂ ਵੀ ਤਿੱਖਾ ਹੁੰਦਾ ਹੈ। ਇਸ ਲਈ ਲੱਕੜੀ ਦੇ ਨਾਲ-ਨਾਲ ਉਸ ਵਿਚ ਤਿੰਨ ਇੰਚ ਮੋਟੀਆਂ ਲੋਹੇ ਦੀਆ ਪਲੇਟਾਂ ਪਾਈਆਂ ਜਾਂਦੀਆਂ ਹਨ। ਫਿਰ ਉਹ ਲੱਕੜੀ ਦਾ ਬਣਿਆ ਹੋਇਆ ਜਹਾਜ਼ ਪਾਣੀ ਦੇ ਸਿਰ ਚੜ੍ਹ ਕੇ ਦੌੜਦਾ ਹੈ। ਅਰਥਾਤ ਪੁੱਤਰ ਪਿਉ ਦੇ ਸਿਰ ਤੇ ਚੜ੍ਹ ਕੇ ਦੌੜਦਾ ਹੈ। ਅਗੋਂ ਜਹਾਜ਼ ਤਿੱਖਾ ਹੋਣ ਕਰਕੇ ਪਿਉ ਨੂੰ ਚੀਰ ਦਿੰਦਾ ਹੈ ਤੇ ਪਿਛੋਂ ਪੱਖਾ ਲੱਗਾ ਹੋਣ ਕਰਕੇ ਉਸ ਨੂੰ ਰਿੜਕ ਦਿੰਦਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਪਿਉ ਅਰਥਾਤ (ਪਾਣੀ) ਪੁੱਤਰ ਨੂੰ ਕਹਿੰਦਾ ਹੈ ਕਿ ਤੂੰ ਭਾਵੇਂ ਮੇਰੇ ਨਾਲ ਜਿਸ ਤਰ੍ਹਾਂ ਮਰਜ਼ੀ ਕਰ। ਪੁੱਤਰ ਕਪੁੱਤਰ ਬਣ ਸਕਦੇ ਨੇ, ਲੇਕਿਨ ਮਾਪੇ ਕਦੀ ਕੁਮਾਪੇ ਨਹੀਂ ਬਣ ਸਕਦੇ। ਇਸ ਲਈ ਤੂੰ ਭਾਵੇਂ ਜਿੰਨੀਆਂ ਮਰਜ਼ੀ ਗਲਤੀਆਂ ਕਰ ਲੈ, ਪਰ ਮੈਂ ਤੈਨੂੰ ਡੋਬਣਾ ਨਹੀਂ। ਇਸ ਲਈ ਇੰਨਾ ਭਰਿਆ ਹੋਣ ਦੇ ਬਾਵਜੂਦ ਵੀ ਜਹਾਜ਼ ਭਾਰ ਨੂੰ ਨਹੀਂ ਤਿਆਗਦਾ। ਔਰ ਪਾਣੀ

ਜਹਾਜ਼ ਨੂੰ ਨਹੀਂ ਡੋਬਦਾ। ਉਹ ਇਸ ਲਈ ਕਿਉਂਕਿ ਜਹਾਜ਼ ਲੱਕੜੀ ਦਾ ਹੈ ਤੇ ਉਂਝ ਭਾਵੇਂ ਪਾਣੀ ਲੋਹੇ ਨੂੰ ਡੋਬ ਦੇਵੇ, ਪਰ ਲੋਹੇ ਲੱਕੜੀ ਨਾਲ ਬੱਧਾ ਹੈ। ਇਸ ਲਈ ਅਜ ਲੋਹੇ ਦਾ ਵੀ ਕੁਝ ਵਿਗੜ ਨਹੀਂ ਸਕਦਾ। ਇਥੋਂ ਤੱਕ ਕਿ ਅਗਰ ਕਿਸੇ ਵੀ ਹੋਰ ਚੀਜ਼ ਨੇ ਤੇਰਾ ਲੜ ਫੜਿਆ ਹੈ, ਤਾਂ ਉਹਨਾਂ ਸਭਨਾਂ ਦਾ ਕੁਝ ਵੀ ਵਿਗੜ ਨਹੀਂ ਸਕਦਾ।

ਪਾਣੀ ਵਿਚ ਵੀ ਅੱਗ ਹੈ ਤੇ ਜੇ ਅੱਗ ਨਾ ਹੋਵੇ ਤਾਂ ਬਿਜਲੀ ਕਿਥੋਂ ਬਣੇ ਔਰ ਲੱਕੜੀ ਵਿਚ ਵੀ ਅੱਗ ਹੈ ਤੇ ਜਿਥੇ ਦੋ ਅੱਗਨੀਆਂ ਮਿਲ ਜਾਣ ਤਾਂ ਉਥੇ ਭਾਂਬੜ ਮੱਚਦਾ ਹੈ। ਲੇਕਿਨ ਪਿਉ ਇੰਨਾ ਪਰਉਪਕਾਰੀ ਹੈ ਕਿ ਆਪ ਭਾਵੇਂ ਰੋਜ਼ ਹਜ਼ਾਰਾਂ ਵਾਰੀ ਸੜ ਜਾਏ, ਪਰ ਪੁੱਤਰ ਨੂੰ ਤੱਤੀ ਹਵਾ ਵੀ ਲੱਗਣ ਨਹੀਂ ਦਿੰਦਾ। ਬਲਕਿ ਇਹ ਕਹਿੰਦਾ ਹੈ ਕਿ ਮੈਂ ਭਾਵੇਂ ਜਿੰਨੀ ਵਾਰੀ ਮਰਜ਼ੀ ਸੜਾਂ, ਪਰ ਪੁੱਤਰਾ ਮੈਂ ਤੈਨੂੰ ਡੁਬਣ ਨਹੀਂ ਦੇਣਾ। ਕਿਉਂਕਿ ਤੂੰ ਮੇਰਾ ਪੁੱਤਰ ਹੈਂ, ਕਾਕਾ ਹੈਂ। ਮੈਂ ਤੇਨੂੰ ਬੜੇ ਲਾਡਾਂ ਨਾਲ ਪਾਲਿਆ ਹੈ। ਇਹ ਸਭ ਸੁਣ ਕੇ ਉਹਨਾਂ ਸਿੱਖਾਂ ਵਿਚੋਂ ਇਕ ਸਿੱਖ ਖੜਾ ਹੋ ਗਿਆ ਤੇ 'ਭਾਈ ਗੁਰਦਾਸ ਜੀ' ਕੋਲੋਂ ਪੁੱਛਣ ਲੱਗਾ ਕਿ ਤੁਹਾਡੇ ਕਹਿਣ ਤੋਂ ਇਹ ਭਾਵ ਹੈ ਕਿ ਪਾਣੀ ਪਿਉ ਹੈ ਤੇ ਪੁੱਤਰ ਲੱਕੜੀ ਹੈ। ਔਰ ਜਿਹੜੀ ਚੰਦਨ ਦੀ ਲੱਕੜੀ ਹੈ, ਜਿਸਦੀ ਖੁਸ਼ਬੂ ਇੰਨੀ ਚੰਗੀ ਹੈ, ਹਜ਼ਾਰਾਂ ਤੋਂ ਵੀ ਵੱਧ ਇਸ ਦੀ ਕੀਮਤ ਹੈ ਤੇ ਇਹ ਇਸ ਨੂੰ ਕਿਉਂ ਡੋਬ ਦਿੰਦੀ ਹੈ ? ਜਿਹੜਾ ਨਲਾਇਕ ਪੁੱਤਰ ਹੈ, ਉਸ ਦੇ ਲਈ ਸਾਰੀ ਜਾਇਦਾਦ ਤੇ ਜਿਹੜਾ ਲਾਇਕ ਪੁੱਤਰ ਹੈ, ਉਸ ਨੂੰ ਇਹ ਡੋਬ ਦਿੰਦਾ ਹੈ। ਇਹ ਕਿਉਂ ? ਇਸ ਦਾ ਜਵਾਬ 'ਭਾਈ ਗੁਰਦਾਸ ਜੀ' ਇਹ ਦਿੰਦੇ ਨੇ ਕਿ ਜਿਹੜਾ ਪਾਣੀ ਹੈ, ਉਹ ਚੰਦਨ ਨੂੰ ਜਾਣਬੁਝ ਕੇ ਡੋਬਦਾ ਹੈ। ਉਹ ਭਾਵੇਂ ਬਾਕੀ ਸਾਰੇ ਦੇ ਸਾਰੇ ਦਰੱਖ਼ਤਾਂ ਨੂੰ ਪਾਰ ਕਰ ਦੇਵੇ, ਪਰ ਉਹ ਚੰਦਨ ਨੂੰ ਪਾਰ ਨਹੀਂ ਕਰਨਾ ਦਿੰਦਾ। ਇਹ ਸੁਣ ਕੇ ਸਿੱਖ ਨੇ ਪੁੱਛਿਆ "ਕਿਉਂ" ? ਇੰਨਾ ਉਤਮ ਤੇ ਸੁਗੰਧੀ ਵਾਲਾ ਪੁੱਤਰ ਤੇ ਉਸ ਨੂੰ ਪਿਉ ਜਾਣ ਕੇ ਕਿਉਂ ਡੋਬਦਾ ਹੈ ? ਜਿਸ ਤਰ੍ਹਾਂ ਹਰ ਕੋਈ ਚੀਜ਼ ਦੀ ਪਰਖ ਹੁੰਦੀ ਹੈ ਕਿ ਇਹ ਸੱਚਾ ਹੈ ਜਾਂ ਝੂਠਾ। ਇਸੇ ਤਰ੍ਹਾਂ ਚੰਦਨ ਅਗਰ ਪਾਣੀ ਵਿਚ ਡੁੱਬ ਜਾਏ ਤਾਂ ਸੱਚਾ ਹੈ ਔਰ ਅਗਰ ਨਾ ਡੁੱਬੇ ਤਾਂ ਝੂਠਾ ਹੈ। ਇਸ ਲਈ ਪਾਣੀ ਚੰਦਨ ਨੂੰ ਜਾਣ-ਬੁਝ ਕੇ ਡੋਬਦਾ ਹੈ ਤਾਂਕਿ ਮੇਰੇ ਪੁੱਤਰ ਨੂੰ ਕੋਈ ਝੂਠਾ ਨਾ ਕਹੇ, ਉਸ ਨੂੰ ਅੱਗ ਵਿਚ ਸਾੜ ਕੇ ਗਰਕ ਨਾ ਕਰੇ। ਇਸ ਲਈ ਜੇਕਰ ਪਾਣੀ ਲੱਕੜੀ ਨੂੰ ਤਾਰਦਾ ਹੈ ਤਾਂ ਵੀ ਪਰਉਪਕਾਰ, ਔਰ ਜੇਕਰ ਡੋਬਦਾ ਹੈ ਤਾਂ ਵੀ ਪਰਉਪਕਾਰ। ਉਸੇ ਤਰ੍ਹਾਂ ਜੇਕਰ ਗੁਰੂ ਸਿੱਖ ਨੂੰ ਇਮਤਿਹਾਨ ਵਿਚ ਪਾਉਂਦਾ ਹੈ ਤਾਂ ਵੀ ਪਰਉਪਕਾਰ ਔਰ ਅਗਰ ਉਸ ਨੂੰ ਤਾਰਦਾ ਹੈ ਤਾਂ ਵੀ ਪਰਉਪਕਾਰ। ਇਹ ਹੈ ਗੁਰੂ ਕੀ ਲੀਲ੍ਹਾ।

ਸੋ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਸਮਝਾ ਰਹੇ ਨੇ ਕਿ ਜਿਸ ਵੇਲੇ ਭਾਈ ਜਗਤਾ ਪਹੁੰਚਿਆ

ਨਾ ਆਪਣੇ ਪ੍ਰੀਤਮ ਕੋਲ ਤਾਂ ਵੇਖ ਕੇ ਦੋਵੇਂ ਇਕ ਦੂਜੇ ਨੂੰ ਮੈਂਡਾ ਆਖਣ ਲੱਗੇ। ਫਿਰ ਭਾਈ ਜਗਤਾ ਜੀ ਨੂੰ ਉਥੇ ਠਹਿਰਿਆਂ ਇਕ ਮਹੀਨਾ ਹੋ ਗਿਆ ਤੇ ਇਹ ਵੇਖ ਕੇ ਈਰਖਾਵਾਦੀ ਸਿੱਖਾਂ ਨੇ ਇਕ ਮੱਤਾ ਪਕਾਇਆ ਕਿ ਜਿਸ ਦਿਨ ਦਾ ਇਹ ਇਥੇ ਆਇਆ ਹੈ, ਇਸ ਨੇ ਤਾਂ ਸਾਡਾ ਗੁਰੂ ਹੀ ਖੋਹ ਲਿਆ ਹੈ। ਇਕ ਸ਼ਬਦ ਹੈ 'ਰੱਛਕ' ਤੇ ਇਕ ਸ਼ਬਦ ਹੈ ਹੱਸਦ।

'ਰੱਛਕ' ਤੋਂ ਭਾਵ ਹੈ ਉਸ ਚੰਗੇ ਇਨਸਾਨ ਵਰਗੇ ਬਣਨ ਦੀ ਕੋਸ਼ਿਸ਼ ਕਰਨਾ ਤੇ ਹੱਸਦ ਤੋਂ ਭਾਵ ਹੈ ਕਿ ਦੂਜੇ ਦੀ ਪ੍ਰਭੁੱਤਾ ਨੂੰ ਵੇਖ ਕੇ ਸੜ ਜਾਣਾ। ਲੇਕਿਨ ਗੁਰਮਤਿ ਵਿਚ ਰੱਛਕ ਦੀ ਭਾਵਨਾ ਸਿਖਾਈ ਗਈ ਹੈ। ਭਾਵ ਕਿ ਚੰਗੀ ਰੀਸ ਕਰਨਾ ਸਿਖਾਇਆ ਗਿਆ ਹੈ। ਲੇਕਿਨ ਈਰਖਾਵਾਦੀ ਸਿੱਖਾਂ ਨੇ ਕਿਹਾ ਕਿ ਮੌਕਾ ਪਾ ਕੇ ਉਸ ਮੈਂਡੇ ਮਾਈ ਨੂੰ ਵੱਢ ਸੁੱਟੋ। ਕਿਉਂਕਿ ਇਸ ਨੇ ਸਾਡਾ ਗੁਰੂ ਖੋਹ ਲਿਆ ਹੈ। ਸਿੱਖਾਂ ਨੇ ਪੰਥ ਦੀ ਜਥੇ-ਬੰਦੀ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਪਰ ਸਿੱਖਾਂ, ਇਸ ਦੇ ਇਕੱਠੇ ਹੋਣ ਵਿਚ ਬਰਕਤਾਂ ਨੇ, ਨਾਕਿ ਵੱਖਰੇ ਰਹਿਣ ਦੇ ਵਿਚ।

ਜਦੋਂ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਭਾਈ ਜਗਤੇ ਨੂੰ ਕਿਹਾ ਕਿ ਜਿਸ ਜੱਥੇ ਨਾਲ ਤੂੰ ਆਇਆ ਸੀ, ਉਹ ਜਥਾ ਹੁਣ ਵਾਪਿਸ ਜਾ ਰਿਹਾ ਹੈ। ਇਸ ਲਈ ਤੂੰ ਵੀ ਵਾਪਿਸ ਚਲਾ ਜਾ, ਕਿਉਂਕਿ ਤੇਰੀ ਜਾਨ ਖੱਤਰੇ ਵਿਚ ਹੈ। ਪਰ ਭਾਈ ਜਗਤੇ ਨੇ ਕਿਹਾ ਕਿ ਮੈਂ ਕਿਸ ਤਰ੍ਹਾਂ ਵਾਪਿਸ ਚਲੇ ਜਾਵਾਂ ? ਮੈਂ ਤਾਂ ਵਾਅਦਾ ਕਰ ਕੇ ਆਇਆ ਸੀ ਕਿ ਆਨੰਦਪੁਰ ਸਾਹਿਬ ਪਹੁੰਚਣ ਤੋਂ ਬਾਅਦ ਮੈਂ ਦੁਬਾਰਾ ਘਰ ਨਹੀਂ ਆਉਣਾ। ਇਸ ਲਈ ਤੂੰ ਹੁਣ ਮੈਨੂੰ ਵਾਪਿਸ ਨਾ ਭੇਜ, ਬਲਕਿ ਇਥੇ ਆਪਣੇ ਚਰਨਾਂ ਵਿਚ ਜੁੜਿਆ ਰਹਿਣ ਦੇ।

ਇਸੇ ਹੀ ਤਰ੍ਹਾਂ ਇਕ ਹੋਰ ਬਚਨ ਸਾਂਝਾ ਕਰਦੇ ਨੇ ਭਾਈ ਜੀ ਕਿ ਗਰੀਬਾਂ ਦਾ ਮੁੰਡਾ ਸੀ ਤੇ ਕਿਸੇ ਸੌਦਾਗਰ ਨੇ ਉਸ ਨੂੰ ਖਰੀਦ ਲਿਆ ਤੇ ਅਗਲੀ ਹੋਰ ਮੰਡੀ ਵਿਚ ਜਾ ਕੇ ਉਸ ਨੂੰ ਵੇਚ ਦਿੱਤਾ। ਇਸ ਤੋਂ ਬਾਅਦ ਜਿਹੜਾ ਸੌਦਾਗਰ ਉਸ ਨੂੰ ਲੈ ਗਿਆ, ਉਸ ਦੀ ਘਰ ਦੀ ਬੜੀ ਦਾਨੀ ਸੀ, ਸਿਆਣੀ ਸੀ। ਉਸ ਨੂੰ ਕਿਸੇ ਚੀਜ਼ ਦੀ ਪਰਖ ਕਰਨੀ ਆਉਂਦੀ ਸੀ। ਕਹਿਣ ਲੱਗੀ ਆਪਣੇ ਸੌਦਾਗਰ ਨੂੰ ਕਿ ਤੂੰ ਕਈ ਨਵੇਂ ਮੁੰਡੇ ਲਿਆਂਦੇ ਤੇ ਕਈ ਮੁੰਡਿਆਂ ਨੂੰ ਤੂੰ ਵੇਚਿਆ ਤੇ ਕਈ ਹੋਰਾਂ ਨੂੰ ਲਿਆ ਕੇ ਤੂੰ ਵੇਚਣਾ ਹੈ। ਪਰ ਤੂੰ ਇਸ ਮੁੰਡੇ ਨੂੰ ਨਾ ਵੇਚੀਂ। ਜਦੋਂ ਉਹ ਮੁੰਡਾ ਜਵਾਨ ਹੋ ਗਿਆ ਤਾਂ ਉਸ ਦੇ ਮਾਲਿਕ ਦੇ ਦੋਸਤ ਨੇ ਇਕ ਦਿਨ ਤਰਬੂਜ ਭੇਜੇ। ਉਸ ਨੇ ਜਦੋਂ ਪਹਿਲਾ ਤਰਬੂਜ ਕਟਿਆ ਤਾਂ ਉਹ ਕੌੜਾ ਨਿਕਲਿਆ। ਉਹ ਤਰਬੂਜ ਉਹਨਾਂ ਉਸ ਮੁੰਡੇ ਨੂੰ ਦੇ ਦਿੱਤਾ ਤੇ ਜਿਹੜੇ ਬਾਕੀ ਦੇ ਦੋਵੇਂ ਮਿੱਠੇ ਨਿਕਲੇ ਸੀ, ਉਹ ਉਹਨਾਂ ਨੇ ਆਪ ਹੀ ਖਾ ਲਏ।

"ਭੈ ਖਰੀਦੁ ਕਿਆ ਕਰੇ ਚਤੁਰਾਈ"

(ਅੰਗ ੭੩੮)

ਲੇਕਿਨ ਲੁਕਮਾਨ ਆਪਣੇ ਮਾਲਿਕ ਦੇ ਸਾਹਮਣੇ ਬੈਠ ਕੇ ਸਵਾਦ ਲਾ-ਲਾ ਕੇ, ਚਪਾਕੇ ਮਾਰ-ਮਾਰ ਕੇ ਤੇ ਝੂਮ-ਝੂਮ ਕੇ ਸਾਰਾ ਤਰਬੂਜ ਖਾ ਗਿਆ। ਇਹ ਵੇਖ ਕੇ ਮਾਲਿਕ ਨੇ ਪੁੱਛਿਆ ਲੁਕਮਾਨ ! ਜਿਹੜਾ ਤਰਬੂਜ ਤੂੰ ਖਾਦਾ ਸੀ, ਉਹ ਤੇ ਕੌੜਾ ਸੀ। ਉਸ ਦਾ ਤੇ ਸਵਾਦ ਵੀ ਬਦਜ਼ਾਇਕਾ ਸੀ। ਫਿਰ ਤੂੰ ਕਿਵੇਂ ਇਹ ਤਰਬੂਜ ਖਾ ਲਿਆ। ਕੀ ਇਹ ਤੈਨੂੰ ਕੌੜਾ ਨਹੀਂ ਲੱਗਾ ਇਹ ਸਭ ਸੁਣ ਕੇ ਲੁਕਮਾਨ ਖੜਾ ਹੋ ਗਿਆ ਤੇ ਕਹਿਣ ਲੱਗਾ ਕਿ ਮੈਂ ਤਰਬੂਜ ਸਮਝ ਕੇ ਨਹੀਂ ਖਾਧਾ, ਬਲਕਿ ਮੈਂ ਤਾਂ ਆਪਣੇ ਮਾਲਿਕ ਦੀ ਬਖ਼ਸ਼ਿਸ਼ ਸਮਝ ਕੇ ਖਾਧਾ ਹੈ। ਇਸ ਲਈ ਸਿਰ ਦਾ ਸਾਂਈਂ ਭਾਵੇਂ ਮਾਲਿਕ ਰੂਪੀ ਇਨਸਾਨ ਹੋਵੇ ਜਾਂ ਪ੍ਰਮਾਤਮਾ ਹੋਵੇ। ਉਸ ਦੀ ਦਿੱਤੀ ਹੋਈ ਚੀਜ਼ ਨੂੰ, ਦਿੱਤੀ ਹੋਈ ਦਾਤ ਨੂੰ ਬਖ਼ਸ਼ਿਸ਼ ਸਮਝ ਕੇ ਹੀ ਖਾਣਾ ਚਾਹੀਦਾ ਹੈ। ਪਰ ਲੁਕਮਾਨ ਨੇ ਆਪਣੇ ਮਾਲਿਕ ਦੀ ਤਾਰੀਫ ਕਰਦਿਆਂ ਹੋਇਆਂ ਕਿਹਾ ਕਿ ਲੋਕੀਂ ਤਾਂ ਆਪਣੇ ਗੁਲਾਮਾਂ ਨੂੰ ਚੁੰਨੇ ਵਾਲੀ ਰੋਟੀ ਖੁਵਾ ਬੈਠਦੇ ਨੇ ਤੇ ਕਈ ਵਾਰੀ ਲੂਣ ਜ਼ਿਆਦਾ ਪਾ ਕੇ ਉਹਨਾਂ ਨੂੰ ਮਾਰ ਹੀ ਸੁਟਦੇ ਨੇ। ਪਰ ਤੂੰ ਤਾਂ ਬਹੁਤ ਚੰਗਾ ਹੈਂ ਮਾਲਿਕ ਕਿ ਤੇਰੇ ਦੋਸਤ ਨੇ ਤੈਨੂੰ ਤਰਬੂਜ ਭੇਜੇ, ਪਰ ਤੂੰ ਮੈਨੂੰ ਵੀ ਆਪਣੇ ਵਿਚ ਸ਼ਾਮਿਲ ਕਰ ਲਿਆ। ਤੇਰੇ ਵਰਗਾ ਮਾਲਿਕ ਮੈਨੂੰ ਕਿਤੇ ਨਹੀਂ ਲੱਭਣਾ। ਇਹ ਸਭ ਸੁਣ ਕੇ ਮਾਲਿਕ ਕਹਿਣ ਲੱਗਾ ਕਿ ਤੂੰ ਇਥੋਂ ਚਲਿਆ ਜਾ, ਮੈਂ ਤੈਨੂੰ ਰਿਹਾਈ ਦੇ ਦਿੱਤੀ ਹੈ। ਹੁਣ ਤੂੰ ਮੇਰਾ ਗੁਲਾਮ ਨਹੀਂ ਰਿਹਾ। ਹੁਣ ਤੂੰ ਆਜ਼ਾਦ ਹੈਂ, ਜਿਥੇ ਤੇਰਾ ਦਿਲ ਕਰਦਾ ਹੈ ਚਲਾ ਜਾ। ਇਹ ਸਭ ਸੁਣ ਕੇ ਲੁਕਮਾਨ ਰੋ ਪਿਆ। ਕਹਿਣ ਲੱਗਾ ਕਿ ਤੇਰੇ ਘਰ ਹੀ ਮੈਂ ਵੱਡਾ ਹੋਇਆ। ਹਰ ਦੁੱਖ-ਸੁੱਖ ਮੈਂ ਇਥੇ ਕੱਟਿਆ। ਹੁਣ ਤੇ ਮੈਂ ਆਪਣੇ ਵਤਨ ਦਾ ਰਾਹ ਵੀ ਭੁੱਲ ਗਿਆ ਹਾਂ। ਔਰ ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਮੇਰੇ ਮਾਂ-ਪਿਉ ਜ਼ਿੰਦਾ ਹੈ ਵੀ ਨੇ ਕਿ ਨਹੀਂ ! ਔਰ ਜੇ ਮੈਂ ਆਪਣੇ ਵਤਨ ਚਲਾ ਵੀ ਗਿਆ ਤੇ ਕੀ ਪਤਾ ਉਥੇ ਮੈਂ ਆਪਣੇ ਮਾਤਾ-ਪਿਤਾ ਨੂੰ ਪਹਿਚਾਣ ਵੀ ਪਾਉਣਾ ਹੈ ਕਿ ਨਹੀਂ। ਮੈਂ ਤਾਂ ਤੇਰੇ ਘਰ ਦਾ ਨਮਕ ਖਾਧਾ ਹੈ ਔਰ ਮੈਨੂੰ ਹੁਣ ਆਪਣੇ ਦੁਆਰੇ ਤੋਂ ਬਾਹਰ ਨਾ ਕੱਢ। ਮੈਨੂੰ ਆਪਣੇ ਦੁਆਰੇ ਤੋਂ ਵਿਛੋੜ ਨਾ। ਫਿਰ ਰਾਜੇ ਨੇ ਕਾਗਜ਼ ਮੰਗਵਾ ਕੇ ਆਪਣੀ ਸਾਰੀ ਜ਼ਾਇਦਾਦ ਉਸ ਲੁਕਮਾਨ ਦੇ ਨਾਂ ਕਰ ਦਿੱਤੀ ਤੇ ਉਸ ਨੂੰ ਆਪਣੀ ਹਕੂਮਤ ਦਾ ਬਾਦਸ਼ਾਹ ਬਣਾ ਦਿੱਤਾ। ਸੋ ਸਾਧ-ਸੰਗਤ ਜੀ ! ਜੇਕਰ ਤੁਸੀਂ ਵੀ ਗੁਰੂ ਦੀ ਹਜ਼ੂਰੀ ਵਿਚ ਰਹੋਗੇ, ਉਸ ਦੇ ਹਰ ਦੁੱਖ-ਸੁੱਖ ਨੂੰ ਕਬੂਲ ਕਰੋਗੇ, ਤਾਂ ਗੁਰੂ ਵੀ ਤੁਹਾਡੀਆਂ ਝੋਲੀਆਂ ਭਰੇਗਾ। ਪਹਿਲਾਂ ਗੁਰੂ

ਦਾ ਬਣਨਾ ਸਿੱਖ, ਗੁਰੂ ਦਾ ਹੋਣਾ ਸਿੱਖ, ਫਿਰ ਗੁਰੂ ਤੇਰੇ ਸਾਰੇ ਕਾਰਜ ਪੂਰੇ ਕਰ ਦੇਵੇਗਾ। ਫਿਰ ਤੈਨੂੰ ਕਿਸੇ ਚੀਜ਼ ਦੀ ਘਾਟ ਨਹੀਂ ਰਹੇਗੀ। ਬਲਕਿ ਗੁਰੂ ਆਪ ਹੀ ਸਮੇਂ ਅਨੁਸਾਰ ਤੈਨੂੰ ਹਰ ਚੀਜ਼ ਬਖ਼ਸ਼ਦਾ ਜਾਵੇਗਾ। ਇਸੇ ਤਰ੍ਹਾਂ ਗੁਰੂ ਜੀ ਨੇ ਵੀ ਭਾਈ ਜਗਤੇ ਨੂੰ ਘਰ ਵਾਪਿਸ ਜਾਣ ਲਈ ਕਿਹਾ ਸੀ, ਪਰ ਉਸ ਨੇ ਵੀ ਇਨਕਾਰ ਕਰ ਦਿੱਤਾ ਸੀ ਤੇ ਇਹੋ ਕਿਹਾ ਸੀ ਮੈਨੂੰ ਆਪਣੇ ਤੋਂ ਦੂਰ ਨਾ ਕਰੋ। ਮੈਂ ਤਾਂ ਘਰ ਇਹੋ ਕਹਿ ਕੇ ਆਇਆ ਹਾਂ ਕਿ ਜਦੋਂ ਵੀ ਮੈਨੂੰ ਆਪਣੇ ਪ੍ਰੀਤਮ ਦੇ ਦਰਸ਼ਨ ਹੋ ਗਏ, ਉਸ ਤੋਂ ਬਾਅਦ ਮੈਂ ਘਰ ਨਹੀਂ ਵਾਪਿਸ ਆਉਣਾ। ਸੋ ਇਕ ਦਿਨ ਭਾਈ ਜਗਤਾ ਸਵੇਰੇ ਪ੍ਰਭਾਤ ਵੇਲੇ, ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਹੋਇਆਂ ਸਾਹਿਬਾਂ ਨੂੰ ਮਿਲਣ ਲਈ ਆ ਰਿਹਾ ਸੀ। ਪਰ ਰਸਤੇ ਵਿਚ ਹੀ ਖਲੋਤੇ ਸਨ ਦੁਸ਼ਮਣ ਸੌਜਿਓਂ ਡਾਂਗਾਂ, ਖੌਬਿਓਂ ਡਾਂਗਾਂ ਤੇ ਬੇਹੋਸ ਹੋ ਕੇ ਭਾਈ ਜਗਤਾ ਡਿੱਗ ਪਿਆ। ਜਦੋਂ ਧਿਆਨ ਮਾਰ ਕੇ ਵੇਖਿਆ ਤਾਂ ਡਾਂਗਾਂ ਮਾਰਨ ਵਾਲਿਆਂ ਦੇ ਗਲਾਂ ਵਿਚ ਕ੍ਰਿਪਾਨਾਂ, ਸਿਰ ਤੇ ਦਸਤਾਰਾਂ ਤੇ ਮੂੰਹ ਤੇ ਦਾਹੜੀ ਮੁੱਛਾਂ। ਪਰ ਏਨਾ ਕੁਝ ਹੋਣ ਦੇ ਬਾਵਜੂਦ ਵੀ ਆਪਣੇ ਮੈਂਡੇ ਮਾਈ ਨੂੰ ਇਹੋ ਗੱਲ ਕਹਿੰਦਾ ਹੈ ਭਾਈ ਜਗਤਾ ਕਿ ਉਹਨਾਂ ਮਾਰਨ ਵਾਲਿਆਂ ਦੀ ਸੂਰਤ ਵੀ ਤੇਰੇ ਵਰਗੀ ਬਾਪੂ ਔਰ ਤੇਰੇ ਵਰਗੀ ਸੂਰਤ ਦੇ ਹਥੋਂ ਮਾਰ ਖਾਂਦਿਆਂ-ਖਾਂਦਿਆਂ ਅਗਰ ਮੇਰੇ ਪ੍ਰਾਨ ਵੀ ਨਿਕਲ ਗਏ ਨਾ.....ਤਾਂ ਮੇਰੇ ਭਾਗ ਵੱਡੇ। ਮੈਂ ਆਪਣੇ ਆਪ ਨੂੰ ਬੜੇ ਭਾਗਾਂ ਵਾਲਾ ਸਮਝਾਂਗਾ ਕਿ ਮੈਨੂੰ ਮੁਕਤੀ ਆਪਣੇ ਪਿਆਰੇ ਪ੍ਰੀਤਮ ਦੇ ਹੱਥੋਂ ਮਿਲੀ ਹੈ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ (ਪਿਆਰੇ)
ਤੈਂ ਕੀ ਦਰਦੁ ਨ ਆਇਆ॥

(ਅੰਗ ੩੬੦)

ਇਹ ਗੱਲ ਸੁਣ ਕੇ ਹਜ਼ੂਰ ਕਹਿਣ ਲੱਗੇ ਕਿ ਮੈਂ ਤਾਂ ਤੇਰੇ ਅੰਗ-ਸੰਗ ਹੀ ਸੀ ਜਗਤਿਆ ! ਜੋ ਦਰਦ ਤੂੰ ਸਹਿ ਰਿਹਾ ਹੈਂ, ਉਹ ਦਰਦ ਮੈਂ ਵੀ ਸਹਿਆ ਹੈ। ਮੈਂ ਤਾਂ ਹਰ ਦੁੱਖ-ਸੁੱਖ ਤੇਰੇ ਨਾਲ ਮਿਲ ਕੇ ਕਟਿਆ ਹੈ। ਸਿੱਖ-ਇਤਿਹਾਸ ਵਿਚ ਭਾਈ ਜਗਤਾ ਮਸ਼ਹੂਰ ਹੋ ਗਿਆ ਤੇ ਉਹ ਲੋਕ-ਪਰਲੋਕ ਵਿਚ ਵੀ ਮਸ਼ਹੂਰ ਹੋ ਗਿਆ।

ਸੋ ਸਿੱਖੋ ! ਇਹ ਹੈ ਸੱਚੀ ਪ੍ਰੀਤੀ ਗੁਰੂ ਨਾਲ। ਜਦੋਂ ਸਿੱਖ ਆਪਣਾ ਸਭ ਕੁਝ ਮਨੋਂ ਤਨੋਂ ਤਿਆਗ ਕੇ ਗੁਰੂ ਅੱਗੇ ਅਰਪਣ ਕਰ ਦੇਵੇਗਾ। ਉਹਦੋਂ ਗੁਰੂ ਆਪਣੇ ਆਪ ਸਿੱਖ ਦਾ ਬਣ ਜਾਵੇਗਾ। ਫਿਰ ਉਸ ਨੂੰ ਗੁਰੂ ਕੋਲੋਂ ਕੁਝ ਵੀ ਮੰਗਣਾ ਨਹੀਂ ਪਵੇਗਾ, ਬਲਕਿ ਗੁਰੂ ਆਪਣੇ ਆਪ ਹੀ ਉਸਦੀ ਹਰ ਜ਼ਰੂਰਤ ਨੂੰ ਪੂਰਾ ਕਰ ਦੇਵੇਗਾ। ਜਿਸ ਚੀਜ਼ ਦੀ ਸਿੱਖ ਨੂੰ ਲੋੜ ਹੈ।

ਸਿਰਫ ਇਕ ਵਾਰੀ ਸੱਚੇ ਮਨ ਨਾਲ ਗੁਰੂ ਦੀ ਬਾਣੀ ਨੂੰ ਆਪਣੇ ਹਿਰਦੇ ਅੰਦਰ ਵਸਾਉਣਾ ਪਵੇਗਾ। ਫਿਰ ਵੇਖਣਾ ਭਾਈ ਜਗਤੇ ਵਾਂਗ ਤੁਹਾਡਾ ਵੀ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਬਣ ਜਾਵੇਗਾ। ਫਿਰ ਉਸ ਅਜਨਬੀ ਮੁੰਡੇ ਵਾਂਗੂੰ ਵੀ ਤੁਹਾਡੀਆਂ ਝੋਲੀਆਂ ਖ਼ੁਸ਼ੀਆਂ ਨਾਲ ਭਰ ਜਾਣਗੀਆਂ ਇਸ ਲਈ ਕਦੇ ਵੀ ਆਪਣੇ ਕਹੇ ਅਨੁਸਾਰ ਨਹੀਂ, ਬਲਕਿ ਗੁਰੂ ਦੇ ਕਹੇ ਹੋਏ ਬਚਨਾਂ ਅਨੁਸਾਰ ਚਲੋ, ਫਿਰ ਸੱਚੇ ਮਾਰਗ ਤੇ ਪਹੁੰਚਣ ਤੋਂ ਤੁਹਾਨੂੰ ਕੋਈ ਨਹੀਂ ਰੋਕ ਸਕੇਗਾ।

***

ਸਾਗਰ ਵਿਚ ਰਿੜਕਾ

ਮਨੁੱਖ ਜਾਤੀ ਦੀ ਸ੍ਰਿਸ਼ਟੀ ਦੇ ਦੂਜੇ ਜੀਵਾਂ ਉੱਪਰ ਸਰਦਾਰੀ ਇਕ ਪ੍ਰਤੱਖ ਹਕੀਕਤ ਹੈ। ਜਿਸ ਦਾ ਕਾਰਨ ਮਨੁੱਖ ਦਾ ਬਾਕੀ ਜੀਵਾਂ ਨਾਲੋਂ ਵਧੇਰੇ ਸਮਰੱਥ ਹੋਣਾ ਹੈ। ਇਸੇ ਤਰ੍ਹਾਂ ਅਗਰ ਸੱਚੇ ਹੀਰੇ ਦੀ ਪਰਖ ਕਰਨੀ ਹੈ ਤਾਂ ਹਜ਼ਾਰਾਂ ਦੀ ਗਿਣਤੀ ਵਿਚੋਂ ਕੋਈ ਇਕ ਹੀ ਚੁਣਿਆ ਜਾਂਦਾ ਹੈ। ਔਰ ਸੱਚੇ ਸਾਧੂ ਦੀ ਪਰਖ ਕਰਨੀ ਹੈ ਤਾਂ ਪੰਜ ਹਜ਼ਾਰ ਦੀ ਗਿਣਤੀ ਵਿਚੋਂ ਕੋਈ ਇਕ ਹੀ ਸਾਧੂ ਨਜ਼ਰ ਆਏਗਾ, ਜੋ ਕਿ ਸੱਚੀ ਕਿਰਤ ਕਰਦਾ ਹੋਵੇਗਾ। ਇਸੇ ਤਰ੍ਹਾਂ ਜਿਹੜੀ ਰਸੋਈ ਹੈ। ਉਹ ਵੀ ਬਣਾਉਣੀ ਬਹੁਤ ਔਖੀ ਹੈ। ਕਿਉਂਕਿ ਇਕ ਚੰਗੀ ਗ੍ਰਹਿਣੀ ਤੋਂ ਬਿਨਾਂ ਇਸ ਨੂੰ ਕੋਈ ਨਹੀਂ ਬਣਾ ਸਕਦਾ। ਉਂਝ ਅੱਗੇ-ਪਿਛੇ ਜਾਂ ਰੋਜ਼ ਦੇ ਦਿਨ ਸਾਦਾ ਭੋਜਨ ਹੀ ਬਣਦਾ ਹੈ, ਲੇਕਿਨ ਜਿਸ ਦਿਨ ਕੋਈ ਪ੍ਰਾਹੁਣਾ ਘਰ ਆ ਜਾਵੇ ਤਾਂ ਉਸ ਦਿਨ ਦੀ ਖਾਸ ਤਿਆਰੀ ਕਰਨੀ ਪੈਂਦੀ ਹੈ ਗ੍ਰਹਿਣੀ ਨੂੰ। ਇਸੇ ਤਰ੍ਹਾਂ ਸੋਨਾ, ਗਹਿਣਾ ਵੀ ਬਹੁਤ ਹੁੰਦਾ ਹੈ, ਪਰ ਉਹ ਇਹ ਸਭ ਕੁਝ ਘਰ ਪਾ ਕੇ ਤਾਂ ਨਹੀਂ ਬੈਠ ਜਾਂਦੀਆਂ। ਉਸੇ ਦਿਨ ਹੀ ਪਾਉਂਦੀਆਂ ਹਨ, ਜਿਸ ਦਿਨ ਕਿਸੇ ਖ਼ਾਸ ਜਗ੍ਹਾ ਤੇ ਜਾਣਾ ਹੋਵੇ। ਸੋ ਕਹਿਣ ਤੋਂ ਇਹ ਭਾਵ ਹੈ ਕਿ ਹਰ ਚੀਜ਼ ਮਨੁੱਖ ਕੋਲ ਹੁੰਦੀ ਹੈ, ਹਰ ਗਿਆਨ ਸਾਧੂਆਂ ਕੋਲ ਹੁੰਦਾ ਹੈ, ਲੇਕਿਨ ਉਸ ਦੀ ਵਰਤੋਂ ਉਹ ਕਿਸੇ ਖ਼ਾਸ ਦਿਨ ਹੀ ਕਰਦੇ ਹਨ।

ਜੈਸਾ ਹੀਰਾ ਅਮੋਲਕ ਮਾਣਕ

ਜਿਸ ਤਰ੍ਹਾਂ ਵੱਡੀਆਂ-ਵੱਡੀਆਂ ਦੁਕਾਨਾਂ ਵਿਚ ਹੀਰੇ, ਮੋਤੀ, ਵੇਚਣ ਵਾਸਤੇ ਰੱਖੇ ਹੁੰਦੇ ਹਨ, ਪਰ ਪੰਜ ਪੰਜ ਤਾਲਿਆਂ ਦੇ ਅੰਦਰ। ਲੇਕਿਨ ਜਿਸ ਦਿਨ ਕੋਈ ਚੰਗਾ ਗਾਹਕ ਆ ਜਾਵੇ ਉਸ ਦਿਨ ਪੰਜੇ ਦੇ ਪੰਜੇ ਤਾਲੇ ਖੁੱਲ੍ਹ ਜਾਂਦੇ ਹਨ ਤੇ ਹੀਰੇ ਵਾਲੀ ਡੱਬੀ ਗਾਹਕ ਦੇ ਅੱਗੇ ਲਿਆ ਕੇ ਰੱਖੀ ਜਾਂਦੀ ਹੈ। ਔਰ ਜੇਕਰ ਕਿਤੇ ਸੌਦਾ ਬਣ ਜਾਵੇ ਤਾਂ ਫਿਰ ਦੁਕਾਨਦਾਰ ਨੂੰ ਬਹੁਤ ਮੁਨਾਫਾ ਹੁੰਦਾ ਹੈ। ਹਾਲਾਤ ਇਥੇ ਵੀ ਉਹੀ ਨੇ। ਉਂਝ ਹੀਰੇ ਪੰਜ-ਪੰਜ ਤਾਲਿਆਂ ਦੇ ਅੰਦਰ ਰੱਖੇ ਜਾਂਦੇ ਨੇ, ਪਰ ਖੁੱਲ੍ਹੇ ਕਦੋਂ ? ਉਹਦੋਂ ਜਦੋਂ ਕੋਈ ਚੰਗਾ ਗਾਹਕ ਇਸ ਨੂੰ ਖ਼ਰੀਦਣ ਵਾਸਤੇ ਆਇਆ।

ਸੋ ਭਾਈ ਜੀ ਨੇ ਤਿੰਨ ਪ੍ਰਮਾਣ ਦਿੱਤੇ ਹਨ ਕਿ ਆਮ ਤੌਰ ਤੇ ਘਰ ਵਿਚ ਸਭ ਕੁਝ ਹੈ, ਲੇਕਿਨ ਕੜਾਹ-ਪੂੜੀਆਂ ਉਹਦੋਂ ਬਣਦੀਆਂ ਨੇ ਜਦੋਂ ਘਰ ਵਿਚ ਕੋਈ ਪ੍ਰਾਹੁਣਾ ਆਵੇ। ਦੂਜਾ ਪ੍ਰਮਾਣ ਇਹ ਦਿੱਤਾ ਹੈ ਕਿ ਔਰਤਾਂ ਕੋਲ ਕੀਮਤੀ ਜ਼ੇਵਰ ਤੇ ਮਹਿੰਗੀਆਂ ਸਾੜੀਆਂ ਬਹੁਤ ਹਨ, ਲੇਕਿਨ ਉਹ ਪਾਉਂਦੀਆਂ ਉਹਦੋਂ ਹੀ ਹਨ ਜਦੋਂ ਕਿਸੇ ਖ਼ਾਸ ਮੌਕੇ ਤੇ ਜਾਣਾ ਪੈ ਜਾਵੇ। ਇਸੇ ਤਰ੍ਹਾਂ ਹੀਰੇ-ਮੋਤੀਆਂ ਨੂੰ ਵੀ ਸੱਤਵੇਂ ਤਾਲੇ ਵਿਚ ਰੱਖਿਆ ਜਾਂਦਾ ਹੈ। ਲੇਕਿਨ ਇਸ ਨੂੰ ਉਹਦੋਂ ਹੀ ਬਾਹਰ ਕੱਢਿਆ ਜਾਂਦਾ ਹੈ ਜਦੋਂ ਕੋਈ ਚੰਗਾ ਗਾਹਕ ਆਵੇ।

ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ,
ਮਿਲ ਗੁਰਸਿਖ ਪੜਿ ਸੁਨਿ ਲਿਵ ਲਾਈਐ॥ ੫੬੨॥

(ਕਬਿੱਤ ਭਾ: ਗੁਰਦਾਸ ਜੀ)

ਇਸੇ ਤਰ੍ਹਾਂ ਚੌਥੀ ਤੁੱਕ ਦਾ ਵੀ ਉਸੇ ਤਰ੍ਹਾਂ ਹੀ ਅਰਥ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਨੂੰ ਸੰਭਾਲ ਕੇ ਰਖਿਆ ਹੋਇਆ ਹੈ। ਔਰ ਜਿਸ ਵੇਲੇ ਕੋਈ ਰੱਬ ਦੇ ਪਿਆਰੇ, ਕੋਈ ਸ਼ਰਧਾਲੂ ਆਉਂਦੇ ਨੇ, ਉਹਦੋਂ ਇਸ ਦੇ ਵੀ ਤਾਲੇ ਖੁੱਲ੍ਹ ਜਾਂਦੇ ਨੇ। ਫਿਰ ਇਸ ਦਾ ਵੀ ਵਪਾਰ ਹੁੰਦਾ ਹੈ।

"ਆ ਗਏ ਨੇ.....
ਹਰਿ ਕੇ ਨਾਮ ਕੇ ਆ ਗਏ ਨੇ....
ਹਰਿ ਕੇ ਨਾਮ ਕੇ ਬਿਆਪਾਰੀ॥

(ਅੰਗ ੧੧੨੩)

ਕਿਸੇ ਨੇ ਇਸ ਦੁਨੀਆਂ ਵਿਚ ਆ ਕੇ ਕੋਈ ਚੀਜ਼ ਦਾ ਵਪਾਰ ਕੀਤਾ ਤੇ ਕਿਸੇ ਨੇ ਕੋਈ। ਕਿਸੇ ਨੂੰ ਨੁਕਸਾਨ ਹੋਇਆ ਤੇ ਕਿਸੇ ਨੂੰ ਫਾਇਦਾ ਹੋਇਆ। ਪਰ ਇਸ ਦੁਨੀਆਂ ਵਿਚ ਜਿਹੜੀ ਸਾਧ-ਸੰਗਤ ਹੈ ਇਹ ਨਾਮ ਖੱਟਣ ਦਾ ਮੇਲਾ ਹੈ। ਇਹ ਨਾਮ ਖੱਟਣ ਦਾ ਅਸਥਾਨ ਹੈ।

"ਸਤਿਸੰਗ ਹਰਿ ਧਨੁ ਖਟੀਐ"

ਗੁਰੂ ਜੀ ਸਾਨੂੰ ਇਕ ਜੁਗਤੀ ਦੱਸ ਰਹੇ ਨੇ। ਸੰਸਾਰ ਵਿਚ ਚੁੱਪ ਕਰਨ ਵਾਲੇ ਨੇ ਤਾਂ ਕੋਈ ਨਹੀਂ, ਪਰ ਚੁੱਪ ਕਰਵਾਉਣ ਵਾਲੇ ਬਹੁਤ ਨੇ। ਇਸੇ ਤਰ੍ਹਾਂ ਚੋਰੀ ਕਰਨ ਵਾਲੇ ਬਹੁਤ ਨੇ, ਪਰ ਉਸ ਨੂੰ ਛੁਡਾਉਣ ਵਾਲਾ ਕੋਈ ਨਹੀਂ। ਭਾਵ ਕਿ ਮਨੁੱਖ ਆਪਣੇ ਮਨ ਨਾਲ ਜੋ ਕੰਮ ਕਰਨਾ ਚਾਹੁੰਦਾ ਹੈ, ਉਹ ਕਰਕੇ ਹੀ ਰਹਿੰਦਾ ਹੈ। ਉਹ ਗੁਰੂ ਦੀ ਮਰਿਯਾਦਾ ਨੂੰ ਅਪਨਾਉਣਾ ਹੀ

ਨਹੀਂ ਚਾਹੁੰਦਾ।

ਇਕ ਸ੍ਰੀ ਮਾਨ "ਭਾਈ ਲੱਖਾ ਸਿੰਘ ਜੀ" ਹੋਏ ਨੇ। ਦੋ ਕਿੱਲੇ ਉਹਨਾਂ ਦੀ ਜ਼ਮੀਨ ਸੀ ਔਰ ਅਸੀਂ ਤਾਂ ਕਿਸੇ ਵੇਲੇ ਮਜ਼ਬੂਰੀ ਵਿਚ ਉਧਾਰ ਲੈ ਲੈਂਦੇ ਹਾਂ, ਪਰ ਉਸ ਦਾ ਇਹ ਅਸੂਲ ਸੀ ਕਿ ਉਸਨੇ ਕਿਸੇ ਕੋਲੋਂ ਕਦੀ ਉਧਾਰ ਨਹੀਂ ਲੈਣਾ। ਉਸ ਨੂੰ ਪ੍ਰਬੰਧਕਾਂ ਕੋਲੋਂ ਇੰਨੇ ਪੈਸੇ ਨਹੀਂ ਸੀ ਮਿਲਦੇ, ਜਿਸ ਨਾਲ ਉਸਦਾ ਗੁਜ਼ਾਰਾ ਹੋ ਸਕੇ। ਪਰ ਉਸ ਨੇ ਦੋ ਕਿੱਲੇ ਜ਼ਮੀਨ ਪ੍ਰਚਾਰ ਕਰਦਿਆਂ ਕਰਦਿਆਂ ਵੇਚ ਕੇ ਖਾ ਲਈ। ਪਰ ਉਸ ਨੇ ਗੁਰਮਤਿ ਦਾ ਪ੍ਰਚਾਰ ਕਰਨਾ ਨਹੀਂ ਛੱਡਿਆ। ਔਰ ਜਦੋਂ ਲੱਖਾ ਸਿੰਘ ਬੁੱਢਾ ਹੋ ਗਿਆ, ਇਥੋਂ ਤੱਕ ਕਿ ਉਸ ਕੋਲੋਂ ਪ੍ਰਚਾਰ ਨਹੀਂ ਸੀ ਕੀਤਾ ਜਾਂਦਾ ਤੇ ਗਿਆਨੀ ਜੀ ਕਹਿੰਦੇ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਨਨਕਾਣੇ ਸਾਹਿਬ ਦੀਆਂ ਗਲੀਆਂ ਵਿਚ ਭੀਖ ਮੰਗਦਾ ਨਜ਼ਰ ਆਇਆ। ਇਸ ਦੇ ਮੂੰਹ ਵਿਚ ਕਿਸੇ ਨੇ ਦਵਾਈ ਕੀ ਪਾਉਣੀ ਸੀ। ਇਸ ਦੇ ਮੂੰਹ ਵਿਹ ਕਿਸੇ ਨੇ ਪਾਣੀ ਵੀ ਨਹੀਂ ਪਾਇਆ।

ਸੋ ਜੋ ਮੈਂ ਸਮਝਾਉਣਾ ਚਾਹੁੰਦਾ ਹਾਂ ਗਿਆਨੀ ਮਾਨ ਸਿੰਘ ਜੀ ਕਹਿੰਦੇ ਉਹ ਇਹ ਹੈ ਕਿ ਸਾਧ ਸੰਗਤ ਨਾਮ ਧਨ ਖੱਟਣ ਦਾ ਅਸਥਾਨ ਹੈ। ਔਰ ਜੋ ਸੱਚੇ ਗੁਰੂ ਦੇ ਸਿੱਖ ਨੇ, ਉਹ ਇਥੇ ਨਾਮ ਧਨ ਖੱਟਦੇ ਵੀ ਨੇ।

ਇਕ ਜ਼ਿਕਰ ਹੋਰ ਸੁਣਾਉਂਦੇ ਨੇ ਗਿਆਨੀ ਜੀ ਕਿ ਆਪਣੇ ਸਮੇਂ ਵੇਲੇ ਗਿ: ਠਾਕੁਰ ਸਿੰਘ ਜੀ ਖਾਲਸਾ ਕਾਲਜ ਬੈਠੇ ਹੋਏ ਸੀ ਤੇ ਇਕ ਮੁੰਡੇ ਨੇ ਸਵਾਲ ਕਰ ਦਿੱਤਾ ਕਿ ਤੁਸੀਂ ਕਹਿੰਦੇ ਹੋ ਕਿ-

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥"

(ਜਪੁਜੀ ਸਾਹਿਬ)

ਪਰ ਉਹ ਮੁੰਡਾ ਕਹਿਣ ਲੱਗਾ, ਗਿਆਨੀ ਜੀ ਮੈਂ ਤਾਂ ਇਹ ਗੱਲ ਕਹਿੰਦਾ ਹਾਂ ਕਿ ਜਿਸ ਵੇਲੇ ਸੱਚੇ ਨਾਮ ਦੀਆਂ ਵਡਿਆਈਆਂ ਦਾ ਵੀਚਾਰ ਕਰ ਲਈਏ ਉਹ ਹੀ ਅੰਮ੍ਰਿਤ ਵੇਲਾ ਹੈ। ਵੈਸੇ ਮੁੰਡੇ ਦੀ ਗੱਲ ਮਾੜੀ ਤਾਂ ਨਹੀਂ ਸੀ। ਪਰ ਗਿਆਨੀ ਜੀ ਕਹਿਣ ਲੱਗੇ ਕਿ ਜੇਕਰ ਸਵੇਰੇ ਅੱਠ-ਨੌਂ ਵੱਜੇ ਉਠੀਏ ਤੇ ਗੁਰੂ ਤੇ ਨਾਮ ਦੀਆਂ ਵਡਿਆਈਆਂ ਕਰੀਏ ਤਾਂ ਉਹ ਅੰਮ੍ਰਿਤ ਵੇਲਾ ਹੈ। ਔਰ ਅਗਰ ਗੁਰੂ ਦੀਆਂ ਵਡਿਆਈਆਂ ਨਾ ਕਰੀਏ ਤਾਂ ਫਿਰ ਉਸ ਵੇਲੇ ਨੂੰ ਕੀ ਕਹਾਂਗੇ? ਕਹਿਣ ਲੱਗਾ ਜੀ "ਸ਼ਾਹ ਵੇਲਾ"। ਫਿਰ ਗਿਆਨੀ ਜੀ ਪੁੱਛਣ ਲੱਗੇ ਕਿ ਜੇਕਰ ਦੁਪਹਿਰ ਦੇ ਵੇਲੇ ਗੁਰੂ ਦੀਆਂ ਵਡਿਆਈਆਂ ਕਰੀਏ ਤਾਂ ਅੰਮ੍ਰਿਤ ਵੇਲਾ ਬਣ ਜਾਵੇਗਾ ਔਰ ਜੇਕਰ ਨਾ

ਕਰੀਏ ਤਾਂ ਫਿਰ ਉਸ ਵੇਲੇ ਨੂੰ ਕੀ ਕਹਾਂਗੇ ? ਤਾਂ ਫਿਰ ਕਹਿਣ ਲੱਗਾ ਕਿ "ਰੋਟੀ ਵੇਲਾ"। ਔਰ ਅਗਰ ਸ਼ਾਮ ਵੇਲੇ ਗੁਰੂ ਦੀਆਂ ਵਡਿਆਈਆਂ ਨਾ ਕਰੀਏ ਤਾਂ ਉਸ ਸਮੇਂ ਨੂੰ ਕੀ ਕਹਾਂਗੇ ਤਾਂ ਮੁੰਡੇ ਨੇ ਫਿਰ ਜਵਾਬ ਦਿੱਤਾ ਕਿ "ਲੌਡਾ ਵੇਲਾ"। ਇਹ ਸਭ ਸੁਣ ਕੇ ਗਿਆਨੀ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਅੰਮ੍ਰਿਤ ਵੇਲੇ ਤੂੰ ਸੱਚੇ ਨਾਮ ਦੀਆਂ ਵਡਿਆਈਆਂ ਭਾਵੇਂ ਕਰ ਜਾਂ ਨਾ ਕਰ। ਪਰ ਉਸ ਵੇਲੇ ਨੂੰ ਅੰਮ੍ਰਿਤ ਵੇਲਾ ਹੀ ਕਿਹਾ ਜਾਂਦਾ ਹੈ।

ਭਗਤੀ ਹਰ ਲਿਵ ਲਾਇ (ਪਿਆਰਿਆ)
ਭਗਤੀ ਹਰ ਲਿਵ ਲਾਇ॥

ਇਹ ਜਿਹੜਾ ਅੰਮ੍ਰਿਤ ਵੇਲਾ ਹੈ, ਜਿਸ ਕੋਲ ਵੀ ਇਹ ਧਨ ਆ ਜਾਵੇ। ਇਹ ਫਿਰ ਮੁੱਕਦਾ ਹੀ ਨਹੀਂ। ਔਰ ਸਭ ਤੋਂ ਉੱਤਮ ਇਹੋ ਚੀਜ਼ ਹੈ। ਕਿਉਂਕਿ ਨਾ ਤੇ ਇਸ ਨੂੰ ਕੋਈ ਚੋਰ ਲੁੱਟ ਸਕਦਾ ਹੈ ਤੇ ਨਾ ਹੀ ਕੋਈ ਡਾਕੂ ਇਸ ਨੂੰ ਲੈ ਕੇ ਜਾ ਸਕਦਾ ਹੈ। ਭਾਵ ਕਿ ਇਸ ਧਨ ਦੇ ਨੇੜੇ ਕੋਈ ਦੁਬਧਾ ਨਹੀਂ ਆ ਸਕਦੀ।

"ਗੁਰੂ ਗ੍ਰੰਥ ਸਾਹਿਬ ਜੀ" ਦੇ ਇਤਿਹਾਸ ਵਿਚ ਇਕ ਜ਼ਿਕਰ ਆਉਂਦਾ ਹੈ ਕਿ 'ਕਬੀਰ' ਜੀ ਦੇ ਘਰ ਇਕ ਸੇਠ ਜੀ ਆਏ ਬੜੇ ਤਗੜੇ। ਔਰ ਆ ਕੇ ਕਹਿਣ ਲੱਗੇ ਕਬੀਰਾ, ਤੇਰੇ ਘਰ ਗਰੀਬੀ ਬਹੁਤ ਹੈ। ਇਸ ਦੇ ਕਾਰਨ ਤੇਰਾ ਬੱਚਾ ਭੁੱਖਾ ਵੀ ਮਰ ਰਿਹਾ ਹੈ। ਔਰ ਮੈਂ ਹਾਂ ਸੇਠ ਤੇ ਤੂੰ ਮੇਰੇ ਘਰ ਚਲ। ਦੋਵੇਂ ਵੇਲੇ ਤੈਨੂੰ ਭੋਜਨ ਪਾਣੀ ਮਿਲ ਜਾਵੇਗਾ। ਇਕ ਕੁੱਟੀਆ, ਇਕ ਮਕਾਨ ਵੀ ਤੈਨੂੰ ਦੇ ਦਿੰਦੇ ਹਾਂ। ਇਹ ਸਭ ਸੁਣ ਕੇ ਕਬੀਰ ਜੀ ਸੇਠ ਵੱਲ ਵੇਖ ਕੇ ਕਹਿਣ ਲੱਗੇ ਕਿ ਮੈਂ ਤੁਹਾਡੇ ਨਾਲ ਚੱਲ ਤਾਂ ਪੈਂਦਾ ਪਰ ਸੇਠ ਤੁਸੀਂ ਵੀ ਤੇ ਸੇਠ ਮੈਂ ਵੀ। ਔਰ ਸੇਠ ਨੂੰ ਕੀ ਲੋੜ ਪਈ ਹੈ ਸੇਠ ਦੇ ਘਰ ਜਾਣ ਦੀ। ਅਗਰ ਮੈਂ ਪਿੰਗਲਾ ਹੁੰਦਾ, ਹਥੋਂ ਕੁਝ ਵੀ ਨਾ ਕਰ ਪਾਉਂਦਾ ਤੇ ਫਿਰ ਭਾਵੇਂ ਮੈਂ ਤੇਰੇ ਨਾਲ ਚਲਾ ਜਾਂਦਾ ਪਰ ਹੁਣ ਜਾਣ ਦੀ ਕੀ ਲੋੜ ਹੈ ? ਔਰ ਜਿਸ ਸੇਠ ਕੋਲ ਚਾਰ ਪੈਸੇ ਸੀ, ਉਹ ਫਿਰ ਕਹਿਣ ਲੱਗਾ ਕਿ ਐਵੇਂ ਬਹਾਨੇ ਨਾ ਬਣਾ, ਆਪਣੀ ਤਕਲੀਫ ਨੂੰ ਛੁਪਾਉਣ ਦੀ ਕੋਸ਼ਿਸ਼ ਨਾ ਕਰ। ਇਥੋਂ ਤੱਕ ਕਿ ਮੈਂ ਰੋਜ਼ ਵੇਖਦਾ ਹਾਂ ਤੇਰੀ ਮਾਂ ਦਿਨੇ-ਰਾਤ ਰੋਂਦੀ ਰਹਿੰਦੀ ਹੈ। ਤੇਰਾ ਰੋਜ਼ ਸਿਆਪਾ ਕਰਦੀ ਰਹਿੰਦੀ ਹੈ ਕਿ ਤੂੰ ਮਰ ਜਾਵੇਂ। ਕਿਉਂਕਿ ਸਾਡੀ ਕੁਲ ਨੇ ਤਾਂ ਅੱਜ ਤੱਕ ਕਿਸੇ ਰਾਮ ਨਹੀਂ ਆਖਿਆ। ਔਰ ਤੂੰ ਆਪਣੇ ਨੂੰ ਸੇਠ ਆਖਦਾ ਫਿਰਦਾ ਹੈਂ। ਐਵੇਂ ਧੋਖਾ ਨਾ ਦੇ ਆਪਣੇ ਆਪ ਨੂੰ। ਤੂੰ ਚਲ ਮੇਰੇ ਨਾਲ ਮੇਰੇ ਮਹਿਲਾਂ ਵਿਚ। ਇਹ ਸਭ ਸੁਣ ਕੇ ਕਬੀਰ ਜੀ ਫਿਰ ਹੱਸ ਪਏ ਤੇ ਕਹਿਣ ਲੱਗੇ ਕਿ ਜਿਹੜਾ ਛੋਟਾ ਸੇਠ ਹੁੰਦਾ ਹੈ ਨਾ, ਉਸ ਨੂੰ ਫਿਰ ਵੱਡੇ ਸੇਠ ਦੇ ਘਰ ਜਾਣ ਦੀ ਲੋੜ ਨਹੀਂ ਪੈਂਦੀ। ਔਰ

ਇਥੇ ਵੱਡਾ ਸੇਠ ਮੈਂ ਹਾਂ ਤੇ ਤੂੰ ਛੋਟਾ ਸੇਠ ਹੈਂ। ਇਸ ਲਈ ਮੈਂ ਆਪਣੀ ਇੱਜ਼ਤ ਨੂੰ ਲਾਜ ਨਹੀਂ ਲਾਉਣੀ ਤੇਰੇ ਘਰ ਜਾ ਕੇ। ਇਹ ਸਭ ਸੁਣ ਕੇ ਸੇਠ ਜੀ ਵੀ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਤੂੰ ਵੱਡਾ ਸੇਠ ਕਿਸ ਤਰ੍ਹਾਂ ਹੈਂ ?

ਕਬੀਰ ਜੀ ਕਹਿਣ ਲੱਗੇ ਕਿ ਧਨ ਤੇਰੇ ਕੋਲ ਵੀ ਤੇ ਧਨ ਮੇਰੇ ਕੋਲ ਵੀ। ਪੂੰਜੀ-ਪਤੀ ਤੂੰ ਵੀ ਤੇ ਪੂੰਜੀ-ਪਤੀ ਮੈਂ ਵੀ। ਔਰ ਖ਼ਜ਼ਾਨਾ ਤੇਰੇ ਕੋਲ ਵੀ ਹੈ ਤੇ ਖ਼ਜ਼ਾਨਾ ਮੇਰੇ ਕੋਲ ਵੀ ਹੈ। ਪਰ ਮੇਰੇ ਤੇਰੇ ਖ਼ਜ਼ਾਨੇ ਵਿਚ ਕੁਝ ਫਰਕ ਹੈ। ਜਿਹੜਾ ਮੇਰੇ ਕੋਲ ਧਨ ਹੈ, ਉਸ ਨੂੰ ਅੱਗ ਨਹੀਂ ਸਾੜਦੀ ਤੇ ਉਸ ਨੂੰ ਕੋਈ ਚੋਰ ਵੀ ਲੁੱਟ ਨਹੀਂ ਸਕਦਾ। ਔਰ ਕੋਈ ਠੱਗੀ ਨਾਲ ਵੀ ਨਹੀਂ ਲੈ ਕੇ ਜਾ ਸਕਦਾ। ਇਥੋਂ ਤੱਕ ਕਿ ਉਹ ਧਨ ਘਰ ਵਿਚ ਆ ਜਾਵੇ, ਫਿਰ ਉਹ ਕਿਸੇ ਵੀ ਹਾਲਤ ਵਿਚ ਬਾਹਰ ਨਹੀਂ ਜਾ ਸਕਦਾ।

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ

(ਅੰਗ ੨੪੯)

ਇਸ ਤੋਂ ਭਾਵ ਹੈ ਕਿ ਮੇਰੇ ਮਾਲਕ ਦੀ ਬੜੀ ਚੰਗੀ ਮਰਿਯਾਦਾ ਹੈ। ਉਹ ਇਕ ਵਾਰੀ ਘਰ ਵਿਚ ਆ ਜਾਵੇ, ਫਿਰ ਆਪਣੇ ਸੇਵਕਾਂ ਨੂੰ ਕਦੇ ਛੱਡ ਕੇ ਨਹੀਂ ਜਾਂਦਾ। ਇਹ ਸਭ ਸੁਣ ਕੇ ਸੇਠ ਦਾ ਮੱਥਾ ਠਨਕਿਆ। ਔਰ ਕਹਿਣ ਲੱਗਾ ਕਿ ਕਬੀਰਾ ਜਿਹੜਾ ਧਨ ਤੇਰੇ ਕੋਲ ਹੈ, ਉਸ ਧਨ ਦੇ ਬਾਰੇ ਮੈਨੂੰ ਵੀ ਕੁਝ ਦੱਸੇਗਾ।

ਜਿਹੜਾ ਮੇਰੇ ਕੋਲ ਧਨ ਹੈ, ਉਸ ਨੂੰ ਅੱਗ ਨਹੀਂ ਸਾੜ ਸਕਦੀ। ਜਿਹੜਾ ਧਨ ਮੇਰੇ ਕੋਲ ਹੈ, ਉਹ ਹਵਾ ਨਾਲ ਨਹੀਂ ਕੰਬਦਾ।

ਜਿਹੜਾ ਮੇਰੇ ਕੋਲ ਧਨ ਹੈ, ਉਸ ਦੇ ਨੇੜੇ ਕੋਈ ਚੋਰ, ਡਾਕੂ ਨਹੀਂ ਆ ਸਕਦਾ।

ਇਸ ਸਭ ਕੁਝ ਸੁਣ ਕੇ ਸੇਠ ਨੇ ਪੁੱਛਿਆ ਕਿ ਕਬੀਰਾ, ਉਸ ਦਾ ਨਾਮ ਕੀ ਹੈ, ਜੋ ਧਨ ਤੇਰੇ ਕੋਲ ਹੈ ?

ਰਾਮ ਨਾਮ ਧਨੁ ਕਰਿ ਸੰਚਉਨੀ॥

(ਅੰਗ ੩੩੬)

'ਸੰਚਉਨੀ' ਤੋਂ ਭਾਵ ਹੈ ਸੰਚਣਾ ਤੇ ਸੰਚਣਾ ਤੋਂ ਭਾਵ ਹੈ ਇਕੱਠਾ ਕਰਨਾ। ਭਾਵ ਕਿ ਮੇਰਾ ਮਾਧੋ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਸੰਭਾਲਿਆ ਹੋਇਆ ਹੈ। ਜਿਹੜਾ ਗਰੀਬਾਂ ਦੀ ਰੱਖਿਆ ਕਰਦਾ ਹੈ। ਔਰ ਜਿਹੜਾ ਹਰ ਸਮੇਂ ਤੇ ਹਰ ਜਗ੍ਹਾ ਮੌਜੂਦ ਹੈ।

"ਹਮਰਾ ਧਨੁ ਮਾਧਉ ਗੋਬਿੰਦੁ"

(ਅੰਗ ੩੩੬)

ਇਹ ਹੈ ਨਾਮ ਕਾ ਧਨ। ਜੋ ਕਿ ਸ੍ਰੇਸ਼ਟ ਧਨ ਹੈ। ਇਹ ਅਪਵਿੱਤਰ ਤੇ ਝੂਠਾ ਧਨ ਨਹੀਂ ਹੈ।

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ

(ਅੰਗ ੩੩੬)

ਇਸ ਤੋਂ ਭਾਵ ਹੈ ਕਿ ਜਿਹੜਾ ਸੁਖ ਨਾਮ ਸਿਮਰਨ ਨਾਲ ਮਿਲਦਾ ਹੈ ਨਾ, ਉਹ ਕਿਸੇ ਹੋਰ ਸੁਖ ਨਾਲ ਨਹੀਂ ਮਿਲਦਾ। ਅਰਥਾਤ ਜਿਹੜਾ ਵਾਹਿਗੁਰੂ ਦੇ ਨਾਮ ਦਾ ਧਨ ਹੈ, ਉਸ ਨੂੰ ਕੋਈ ਧੋਖਾ ਨਹੀਂ। ਔਰ ਉਹਨਾਂ ਦੇ ਨੇੜੇ ਫਿਰ ਜਮ ਵੀ ਨਹੀਂ ਆ ਸਕਦੇ। "ਭਾਈ ਗੁਰਦਾਸ ਜੀ" ਨੇ ਵੀ ਇਸ ਨਾਮ ਕੇ ਧਨ ਦਾ ਜ਼ਿਕਰ ਆਪਣੀ ਸਤਾਰ੍ਹਵੀਂ ਵਾਰ ਵਿਚ ਕੀਤਾ ਹੈ,

ਸਾਗਰੁ ਅਗਮੁ ਅਥਾਹੁ ਮਥਿ

ਜਿਹੜਾ ਸਮੁੰਦਰ ਉਹ ਬਹੁਤ ਡੂੰਘਾ ਹੈ। ਇਸ ਵਿਚ ਕਿੰਨੇ ਕੁ ਮਿਲੀਅਨ ਟਨ ਪਾਣੀ ਹੈ, ਕੋਈ ਨਹੀਂ ਜਾਣਦਾ। ਉਸ ਨੂੰ ਰਿੜਕ ਕੇ ਦੇਵਤਿਆਂ ਤੇ ਰਾਕਸ਼ਸ਼ਾਂ ਨੇ 'ਚਉਦਹ ਰਤਨ ਅਮੋਲ ਕਢਾਏ।'

ਸਸੀਅਰੁ ਸਾਰੰਗ ਧਣਖੁ ਮਦੁ

ਇਸੇ ਤਰ੍ਹਾਂ ਇਕ ਵਾਰੀ ਜੱਟ, ਬ੍ਰਾਹਮਣ ਤੇ ਸਨਿਆਸੀ ਤੁਰੇ ਜਾਂਦੇ ਸਨ ਔਰ ਰਾਹ ਵਿਚ ਗੰਨੇ ਦਾ ਖੇਤ ਆ ਗਿਆ। ਉਹਨਾਂ ਦਾ ਬੜਾ ਦਿਲ ਕੀਤਾ ਖਾਣ ਦਾ, ਪਰ ਉਹਨਾਂ ਕਿਹਾ ਕਿ ਜੱਟ ਨੂੰ ਗੰਨਾ ਲੈਣ ਵਾਸਤੇ ਉਥੇ ਭੇਜਦੇ ਹਾਂ। ਕਿਉਂਕਿ ਉਸ ਨੂੰ ਇਸਦੀ ਪਹਿਚਾਣ ਜ਼ਿਆਦਾ ਹੈ। ਜੱਟ ਗੰਨਾ ਲੈਣ ਵਾਸਤੇ ਚਲਾ ਗਿਆ ਤੇ ਉਸ ਨੇ ਇਕ ਵਧੀਆ ਜਿਹਾ ਗੰਨਾ ਲੈ ਆਂਦਾ। ਪਰ ਉਥੇ ਆ ਕੇ ਇਕ-ਦੂਜੇ ਵੱਲ ਵੇਖਣ ਲੱਗ ਪਏ ਕਿ ਕੌਣ ਕਿਹੜਾ ਹਿੱਸਾ ਲਵੇਗਾ। ਬ੍ਰਾਹਮਣ ਦੇ ਹਿੱਸੇ ਅਗਲਾ ਪਾਸਾ ਆਇਆ ਜਿਸ ਪਾਸੇ ਵੱਲ ਰਸ ਘੱਟ ਹੁੰਦਾ ਹੈ। ਫਿਰ ਜਿਸ ਪਾਸੇ ਵੱਲ ਜੜ੍ਹਾਂ ਹੁੰਦੀਆਂ ਨੇ, ਉਹ ਹਿੱਸਾ ਉਸ ਨੇ ਸੰਨਿਆਸੀ ਨੂੰ ਦੇ ਦਿੱਤਾ ਤੇ ਆਪ ਉਹ ਹਿੱਸਾ ਰੱਖ ਲਿਆ, ਜਿਸ ਹਿੱਸੇ ਵਿਚ ਬਹੁਤ ਜ਼ਿਆਦਾ ਰੱਸ ਹੁੰਦਾ ਹੈ।

ਇਸੇ ਤਰ੍ਹਾਂ ਦੇਵਤਿਆਂ ਤੇ ਰਾਕਸ਼ਸ਼ਾਂ ਵਿਚ ਵੀ ਬਹਿਸ ਹੋਣ ਲੱਗ ਪਈ ਕਿ ਸਾਗਰ ਦੇ ਕਿਸ ਹਿੱਸੇ ਵੱਲ ਦੇਵਤੇ ਆਉਣਗੇ ਤੇ ਕਿਸ ਹਿੱਸੇ ਵੱਲ ਰਾਕਸ਼ਸ਼ ਆਉਣਗੇ। ਦੇਵਤੇ ਕਹਿਣ

ਲੱਗੇ ਕਿ ਅਸੀਂ ਤਾਂ ਪੂੰਛ ਵਾਲੇ ਹਿੱਸੇ ਵੱਲ ਆਵਾਂਗੇ ਤੇ ਰਾਕਸ਼ਸ਼ ਮੂੰਹ ਵਾਲੇ ਪਾਸੇ ਹੋਣਗੇ। ਇਹ ਗੱਲ ਰਾਕਸ਼ਸ਼ਾਂ ਨੇ ਮੰਨ ਲਈ ਪਰ ਨਾਲ ਉਹਨਾਂ ਵੀ ਇਹ ਗੱਲ ਕਹਿ ਦਿੱਤੀ ਕਿ ਕਿ ਜਿਸ ਨੂੰ ਵੀ ਪਹਿਲਾਂ ਜਿਹੜੀ ਚੀਜ਼ ਮਿਲੇਗੀ, ਉਹ ਉਸਦੀ ਹੀ ਹੋਵੇਗੀ। ਉਹਨਾਂ ਜਦੋਂ ਰਿੜਕਾ ਮਾਰਿਆ ਸਾਗਰ ਵਿਚ ਤਾਂ ਸਭ ਤੋਂ ਪਹਿਲਾਂ "ਅੰਮ੍ਰਿਤ" ਨਿਕਲਿਆ। ਔਰ ਸਮਝੌਤੇ ਮੁਤਾਬਿਕ ਤਾਂ ਇਹ ਚੀਜ਼ ਰਾਕਸ਼ਸ਼ਾਂ ਦੀ ਹੀ ਸੀ। ਇਸ ਤੋਂ ਆਖ਼ਿਰ ਵਿਚ ਸ਼ਰਾਬ ਨਿਕਲੀ। ਉਹ ਅਸੂਲ ਮੁਤਾਬਿਕ ਦੇਵਤਿਆਂ ਦੀ ਸੀ। ਇਸ ਤੋਂ ਬਾਅਦ ਉਥੇ ਵਿਸ਼ਨੂੰ ਆ ਗਿਆ ਤੇ ਉਸ ਨੇ ਜ਼ਨਾਨੀ ਬਣ ਕੇ ਮੋਹਣੀ ਰੂਪ ਧਾਰ ਕੇ ਉਹਨਾਂ ਰਾਕਸ਼ਸ਼ਾਂ ਅੱਗੇ ਨਚਿੱਆ। ਉਸ ਦਾ ਨਾਚ ਵੇਖ ਕੇ ਰਾਕਸ਼ਸ਼ ਵੀ ਮਸਤ ਹੋ ਗਏ। ਔਰ ਨਾਚ ਕਰਦਿਆਂ ਕਰਦਿਆਂ ਤੇ ਐਕਟਿੰਗ ਕਰਕੇ ਉਸ ਨੇ ਸ਼ਰਾਬ ਦੀ ਜਗ੍ਹਾ ਅੰਮ੍ਰਿਤ ਤੇ ਅੰਮ੍ਰਿਤ ਦੀ ਜਗ੍ਹਾ ਸ਼ਰਾਬ ਰੱਖ ਦਿੱਤੀ। ਧੋਖਾ ਕੀਤਾ ਵਿਸ਼ਨੂੰ ਨੇ ਤੇ ਠੱਗੀ ਕੀਤੀ ਵਿਸ਼ਨੂੰ ਨੇ ਤੇ ਹੁਣ ਯੁੱਗ ਆ ਗਿਆ ਹੈ ਵਿਦਿਆ ਦਾ। ਔਰ ਜਿਹੜੀ ਚੀਜ਼ ਸਾਡੇ ਹਿੱਸੇ ਆਈ ਉਹ ਅਸੀਂ ਸੰਭਾਲ ਲਈ। ਔਰ ਜਿਹੜੀ ਰਾਕਸ਼ਸ਼ਾਂ ਦੇ ਹਿੱਸੇ ਆਈ, ਉਹ ਉਹਨਾਂ ਨੇ ਸੰਭਾਲ ਲਈ। ਲੋਕ ਕੁਝ ਨਾ ਕੁਝ ਲੱਭ ਹੀ ਲੈਂਦੇ ਨੇ ਤੇ ਇਹ ਸ਼ਰਾਬ ਵੀ ਚੌਦਾਂ ਰਤਨਾਂ ਵਿਚੋਂ ਇਕ ਮੰਨੀ ਗਈ ਹੈ। ਹਾਥੀ, ਸੰਖ ਇਹ ਵੀ ਰਤਨ ਮੰਨੇ ਗਏ ਹਨ। ਜਿਹੜੇ ਸਮੁੰਦਰ ਵਿਚੋਂ ਇਹ ਸਾਰੇ ਰਤਨ, ਹੀਰੇ, ਮੋਤੀ ਕੱਢੇ ਗਏ ਤੇ ਉਸ ਦੇ ਨਾਲ ਜਿਹੜਾ ਸੰਖ ਵੀ ਨਿਕਲਿਆ, ਉਹ ਵੀ ਸੱਖਣਾ ਹੀ ਨਿਕਲਿਆ। ਲੋਕੀਂ ਕਹਿੰਦੇ ਸਵੇਰੇ ਸੰਖ ਵਜਦਾ ਹੈ, ਪਰ ਭਾਈ ਜੀ ਕਹਿੰਦੇ ਵੱਜਦਾ ਨਹੀਂ, ਇਹ ਤਾਂ ਰੋਂਦਾ ਹੈ। ਇਸੇ ਤਰ੍ਹਾਂ-

ਸਾਧਸੰਗਤਿ ਗੁਰ ਸ਼ਬਦੁ ਸੁਣਿ
ਗੁਰ ਉਪਦੇਸੁ ਨ ਰਿਦੈ ਵਸਾਏ।

ਸਾਧ-ਸੰਗਤ ਵਿਚ ਨਾਮ ਕਾ ਧਨ ਹੈ। ਸੱਤ, ਸੰਤੋਖ, ਦਇਆ, ਧਰਮ, ਧੀਰਜ, ਪਰਉਪਕਾਰ ਇਹ ਸਾਰੇ ਰਤਨ ਹਨ। ਔਰ ਜਿਹੜਾ ਮਨਮੁਖ ਆਉਂਦਾ ਹੈ ਸਤਿਸੰਗਤ ਵਿਚ, ਉਹ ਸੰਖ ਦੀ ਤਰ੍ਹਾਂ ਸੱਖਣਾ ਹੀ ਰਹਿ ਜਾਂਦਾ ਹੈ।

ਨਿਹਫਲ ਅਹਿਲਾ ਜਨਮੁ ਗਵਾਏ। (ਮਨਮੁਖ)
ਨਿਹਫਲੁ ਅਹਿਲਾ ਜਨਮੁ ਗਵਾਏ॥ ੧॥

ਸਰਬ ਸ਼੍ਰੋਮਣੀ ਜਨਮ ਜੋ ਹੈ ਹੀਰਾ, ਉਸ ਨੂੰ ਇਨਸਾਨ ਨੇ ਵਿਅਰਥ ਹੀ ਗਵਾ ਦਿੱਤਾ ਹੈ। ਭਾਈ ਜੀ ਨੇ ਅਪਣੀ ਸਤਾਰ੍ਹਵੀਂ ਵਾਰ ਵਿਚ ਦੂਜੇ ਸ਼ਬਦ ਵਿਚ ਇਕ ਬਚਨ ਲਿਖਿਆ ਹੈ-

"ਨਿਰਮਲੁ ਨੀਰੁ ਸੁਹਾਵਣਾ"

'ਨੀਰ' ਤੋਂ ਭਾਵ ਹੈ ਪਾਣੀ ਤੇ ਇਹ ਬਹੁਤ ਸੋਹਣਾ ਹੁੰਦਾ ਹੈ। ਇਸੇ ਤਰ੍ਹਾਂ ਜਿਹੜਾ ਭੌਰਾ ਹੈ, ਉਹ ਜੰਗਲ ਦੇ ਹੀ ਵਾਸੀ ਹਨ। ਉਹ ਖ਼ੁਸ਼ਬੂ ਨੂੰ ਕਿਸੇ ਤਰੀਕੇ ਨਾਲ ਲੱਭ ਹੀ ਲੈਂਦੇ ਹਨ। ਇਹ ਦੂਰੋਂ-ਦੂਰੋਂ ਆ ਕੇ ਕਮਲ ਫੁੱਲ ਤੇ ਆ ਕੇ ਬੈਠ ਜਾਂਦੇ ਹਨ। ਕਮਲ ਫੁੱਲ ਹੈ ਸਰੋਵਰ ਵਿਚ, ਸੂਰਜ ਹੈ ਅਸਮਾਨ ਵਿਚ। ਲੇਕਿਨ ਨੀਵੇਂ ਸਰੋਵਰ ਵਿਚ ਰਹਿੰਦਿਆਂ ਹੋਇਆਂ ਵੀ ਫੁੱਲ ਸੂਰਜ ਨਾਲ ਦੋਸਤੀ ਰੱਖਦਾ ਹੈ। ਉਸ ਤੋਂ ਬਿਨਾਂ ਇਹ ਖਿੜਦਾ ਨਹੀਂ। ਖ਼ਿਆਲ ਇੰਨੇ ਸੋਹਣੇ ਨੇ, ਬਿਰਤੀ ਇੰਨੀ ਉਚੀ ਹੈ ਕਿ ਉਸ ਤੋਂ ਬਿਨਾਂ ਇਹ ਖਿੜਦਾ ਹੀ ਨਹੀਂ ਹੈ।

ਸੋ ਗੁਰੂ ਦੇ ਸਿੱਖਾ, ਜਿੰਨੀ ਦੇਰ ਤੱਕ ਤੈਨੂੰ ਗੁਰੂ ਕੇ ਦਰਸ਼ਨ ਨਹੀਂ ਹੋਣਗੇ, ਉਤਨੀ ਦੇਰ ਤੱਕ ਤੈਨੂੰ ਆਪਣੇ ਮਨ ਵਿਚ ਖ਼ੁਸ਼ੀ ਮਹਿਸੂਸ ਨਹੀਂ ਹੋਵੇਗੀ। ਅਗਲੀ ਤੁੱਕ ਧਿਆਨ ਨਾਲ ਸੁਣਨਾ ਭਾਵ ਕਿ ਜਿਸ ਸਰੋਵਰ ਵਿਚ ਕਮਲ ਫੁੱਲ ਹੈ, ਉਸੇ ਹੀ ਸਰੋਵਰ ਵਿਚ ਡੱਡੂ ਵੀ ਰਹਿੰਦਾ ਹੈ। ਉਸ ਕਮਲ ਫੁੱਲ ਦੀ ਨਾਲੀ ਦੇ ਨਾਲ ਹੀ ਰਹਿੰਦਾ ਹੈ, ਪਰ ਉਹ ਕਮਲ ਨੂੰ ਪਹਿਚਾਣ ਨਹੀਂ ਸਕਦਾ। ਉਸ ਦੀ ਕਿਸੇ ਵੀ ਤਰ੍ਹਾਂ ਨਾਲ ਪਰਖ ਨਹੀਂ ਕਰ ਸਕਦਾ। ਅਰਥਾਤ ਕਿ ਭੌਰੇ ਤੋਂ ਬਿਨਾਂ ਕਮਲ ਫੁੱਲ ਦੀ ਸੁਗੰਧ ਨੂੰ ਹੋਰ ਕੋਈ ਨਹੀਂ ਪਹਿਚਾਣ ਸਕਦਾ। ਭਾਵੇਂ ਡੱਡੂ ਬਿਲਕੁਲ ਫੁੱਲ ਦੇ ਕੋਲ ਹੈ, ਪਰ ਭੌਰਾ ਹੀ ਕਮਲ ਫੁੱਲ ਦੀ ਸੁਗੰਧੀ ਲੈ ਸਕਦਾ ਹੈ।

ਮਸਤਕਿ ਭਾਗ ਜਿਨ੍ਹਾਂ ਦੇ ਮੰਦੇ॥

ਮਸਤਕਿ ਭਾਗ ਜਿਨ੍ਹਾਂ ਦੇ ਮੰਦੇ॥ ੨॥

ਇਨ੍ਹਾਂ ਪੰਕਤੀਆਂ ਦੇ ਅਰਥ ਹਨ ਕਿ ਜਿਨ੍ਹਾਂ ਦੇ ਭਾਗ ਸੁਹੇਲੇ ਨੇ, ਜਿਨ੍ਹਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਹੋ ਗਈ ਹੈ ਔਰ ਜਿਨ੍ਹਾਂ ਉਤੇ ਸਿਰਜਣਹਾਰ ਦੀ ਦਿਆਲਤਾ ਹੋ ਗਈ ਹੈ, ਉਹ ਪਹਿਲਾਂ ਇੰਨੇ ਮੰਦੇ ਸੁਭਾਅ ਦੇ ਸਨ ਕਿ ਕਿਸੇ ਦੀ ਗੱਲ ਬਰਦਾਸ਼ਤ ਕਰ ਹੀ ਨਹੀਂ ਸੀ ਪਾਉਂਦੇ। ਲੇਕਿਨ ਸੰਗਤ ਵਿਚ ਆ ਕੇ ਨਾਮ ਧਨ ਜਮ੍ਹਾਂ ਹੋ ਗਿਆ। ਫਿਰ ਜਿਹੜੀ ਇਸ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਸੀ, ਉਹ ਵੀ ਬੁੱਝ ਗਈ। ਜਿਹੜੇ ਖ਼ਿਆਲ ਇਸ ਨੇ ਆਪਣੇ ਅੰਦਰ ਉਤਪੰਨ ਕੀਤੇ ਹੋਏ ਸਨ ਪਦਾਰਥ ਪਾਉਣ ਲਈ, ਉਹ ਵੀ ਖ਼ਤਮ ਹੋ ਗਏ। ਲੇਕਿਨ ਇਹ ਕ੍ਰਿਪਾ ਉਹਦੋਂ ਹੋਈ ਜਦੋਂ,

ਜਦੋਂ ਕਿਰਪਾ ਗੋਬਿੰਦ ਭਈ॥

ਜਦੋਂ ਕਿਰਪਾ ਗੋਬਿੰਦ ਭਈ॥ (ਜੀ)

ਸੋ ਗੁਰੂ ਕੀ ਸੰਗਤ ਜੀ, ਕਹਿਣ ਤੋਂ ਇਹੀ ਭਾਵ ਹੈ ਕਿ ਸੱਚੇ ਗੁਰੂ ਦੀ ਪ੍ਰੀਤ ਉਹਦੋਂ ਹੀ ਅੰਦਰ ਪੈਦਾ ਹੁੰਦੀ ਹੈ, ਜਦੋਂ ਗੁਰੂ ਦੀ ਕ੍ਰਿਪਾ ਤੁਹਾਡੇ ਤੇ ਹੋ ਜਾਂਦੀ ਹੈ। ਔਰ ਤੁਸੀਂ ਆਪ ਵੀ ਸੱਚੇ ਰਸਤੇ ਤੇ ਤੁਰ ਪੈਂਦੇ ਹੋ। ਪਰ ਇਹ ਸਭ ਗਿਆਨ ਦੀ ਪ੍ਰਾਪਤੀ ਸੱਚੀ ਲਗਨ ਤੋਂ ਇਲਾਵਾ ਗੁਰੂ ਨੂੰ ਭੇਟਣ ਨਾਲ ਤੇ ਸਤਿਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਹੀ ਜਗ ਸਕਦੀ ਹੈ। ਜਿਸ ਨਾਲ ਨਾ ਕੇਵਲ ਸਾਰਾ ਬ੍ਰਹਿਮੰਡ ਬਲਕਿ ਸਾਰਾ ਅੰਦਰ ਵੀ ਜਗਮਗਾ ਉਠਣਾ ਚਾਹੀਦਾ ਹੈ। ਇਹੋ ਗੱਲ ਤਾਂ ਗਿਆਨ ਮਾਰਗ ਦੀ ਵਡਿਆਈ ਬਣਾਉਣ ਵਾਲੀ ਹੈ। ਔਰ ਇਹ ਗਿਆਨ ਪੁਸਤਕਾਂ ਪੜ੍ਹਨ ਨਾਲ, ਕਥਾ ਵਿਖਿਆਨ ਸੁਣਨ ਤੇ ਸੁਣਾਉਣ ਨਾਲ ਵੀ ਹਾਸਿਲ ਕੀਤਾ ਜਾ ਸਕਦਾ ਹੈ।

ਕਰਹਿ ਅਨੰਦ ਸਚਾ ਮਨ ਸੋਇ॥

ਇਸ ਕਿਸਮ ਦਾ ਆਨੰਦ, ਅਨੰਦ ਸਰੂਪ ਹਰੀ ਦੇ ਅੰਦਰ ਵੱਸ ਜਾਣ ਨਾਲ ਹੀ ਹੁੰਦਾ ਹੈ। ਸਿੱਖ ਨੂੰ ਗਿਆਨ ਖੰਡ ਤੋਂ ਪ੍ਰਾਪਤ ਹੋਇਆ ਆਨੰਦ ਬਾਕੀ ਦੇ ਸਾਰੇ ਆਨੰਦਾਂ ਤੋਂ ਭਾਰਾ ਹੁੰਦਾ ਹੈ। ਇਸ ਆਨੰਦ ਦੀ ਤੁਲਨਾ ਹੋਰ ਕਿਸੇ ਵੀ ਆਨੰਦ ਨਾਲ ਨਹੀਂ ਕੀਤੀ ਜਾ ਸਕਦੀ। ਕਿਉਂਕਿ ਆਤਮਿਕ ਗਿਆਨ ਭਾਵੇਂ ਕਿੰਨਾ ਵੀ ਅਮੋਲਕ ਕਿਉਂ ਨਾ ਹੋਵੇ, ਪ੍ਰਾਪਤ ਕਰ ਲੈਣਾ ਇਸ ਨੂੰ ਹੋਰ ਗੱਲ ਹੈ ਤੇ ਉਸ ਦਾ ਅੰਦਰ ਵੱਸ ਜਾਣਾ ਹੋਰ ਗੱਲ ਹੈ। ਇਸੇ ਲਈ ਤਾਂ ਕਿਸੇ ਨੇ ਕਿਹਾ ਹੈ,

"There is no real philosophy unless the mind turns round and examines itself.

ਅਰਥਾਤ- ਅਸਲ ਜੀਵਨ-ਫਿਲਾਸਫੀ ਤਦ ਤੱਕ ਨਹੀਂ ਲੱਭਦੀ, ਜਦ ਤੱਕ ਮਨ ਜਾਂ ਦਿਮਾਗ ਪਰਤ ਕੇ ਆਪਣੇ ਆਪ ਦੀ ਪਹਿਚਾਣ ਨਾ ਕਰ ਲਏ। ਇਸੇ ਲਈ ਤਾਂ ਆਤਮ ਗਿਆਨ ਤੋਂ ਉਪਜੇ ਆਨੰਦ ਨੂੰ "ਗੁਰੂ ਅਰਜਨ ਦੇਵ ਜੀ" ਇਉਂ ਦਰਸਾਂਦੇ ਹਨ,

ਆਤਮ ਚੀਨਿ ਪਰਮ ਰੰਗ ਮਾਨੀ॥

(ਅੰਗ ੧੮੭)

ਭਾਵ ਕਿ ਗਿਆਨ ਦਾ ਸੰਬੰਧ ਇਕੱਲੇ ਸਮਝਣ ਤੇ ਸਮਝਾਉਣ ਨਾਲ ਨਹੀਂ, ਬਲਕਿ ਇਸ ਨੂੰ ਅੰਦਰਲੀ ਜਾਗਰਤੀ ਦਾ ਅੰਗ ਬਣਨਾ ਚਾਹੀਦਾ ਹੈ।

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥
ਆਪੁ ਪਛਾਣੈ ਬੂਝੈ ਸੋਇ॥

ਇਸ ਤੋਂ ਭਾਵ ਹੈ ਕਿ ਗੁਰੂ ਨਾਨਕ ਪੁੱਛਦੇ ਹਨ, "ਗਿਆਨ ਕਿਸ ਨੂੰ ਆਖਦੇ ਹਨ ?"

ਇਸ ਦਾ ਜਵਾਬ ਗੁਰੂ ਗ੍ਰੰਥ ਸਾਹਿਬ ਜੀ ਦਿੰਦੇ ਹਨ ਕਿ ਜੋ ਆਪਣੇ ਆਪ ਨੂੰ ਪਛਾਣਦਾ ਹੈ, ਤੇ ਇਸੇ ਤਰ੍ਹਾਂ ਹੀ ਉਹ ਹਰੀ ਨੂੰ ਪਹਿਚਾਣਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਗਿਆਨ ਖੰਡ ਵਿਚ ਸਿਧ, ਬੁਧ, ਨਾਥ, ਸੁਰਤੀ ਤੇ ਸੇਵਕ ਔਰ ਜੋ ਭਿੰਨ-ਭਿੰਨ ਸਾਧਨ ਹਨ। ਇਨ੍ਹਾਂ ਸਭ ਦਾ ਹੋਣਾ ਬਹੁਤ ਜ਼ਰੂਰੀ ਹੈ।

ਸੋ ਸਾਧ-ਸੰਗਤ ਜੀ। ਇਹ ਸਭ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾ ਮਾਰਗ ਰਸਤਾ ਸਾਧ-ਸੰਗਤ ਹੈ। ਇਸ ਵਿਚ ਹੋਣਾ ਬਹੁਤ ਜ਼ਰੂਰੀ ਹੈ ਤਾਂ ਹੀ ਤੁਸੀਂ ਹਰ ਤਰ੍ਹਾਂ ਦੇ ਅਧਿਆਤਮਿਕ ਗਿਆਨ ਵੀ ਹਾਸਿਲ ਕਰ ਸਕਦੇ ਹੋ।

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥

(ਅੰਗ ੨੦੬)

***

ਡਾਇਣ ਮਾਂ

(ਨਿਗੁਰੇ ਪੁੱਤ ਨਾਲੋਂ ਡਾਇਣ ਮਾਂ ਚੰਗੀ)

ਏਕ ਜੀਹ ਗੁਣ ਕਵਨ ਵਖਾਨੈ
ਅਗਮ ਅਗਮ ਅਗਮਈ

(ਅੰਗ ੪੦੨)

ਦਾਸ ਦਾਸ ਕੌ ਕਰੀਅਹੁ
ਜਨ ਨਾਨਕ ਹਰਿ ਸਰਣਈ॥

(ਅੰਗ ੪੦੨)

ਜਉ ਕਿਰਪਾ ਗੋਬਿੰਦ ਭਈ॥
ਜਉ ਕਿਰਪਾ ਗੋਬਿੰਦ ਭਈ॥

(ਅੰਗ ੧੩੦੭)

ਅਗਰ ਇਸ ਪੰਕਤੀਆਂ ਦੇ ਅੱਖਰੀ ਅਰਥ ਕਰਨੇ ਹੋਣ ਤਾਂ ਵਿਦਵਾਨ ਬੜੀਆਂ ਚੁੱਬੀਆਂ ਮਾਰਦੇ ਨੇ। ਜਿਸ ਤਰ੍ਹਾਂ ਗੋਬਿੰਦ ਤੋਂ ਭਾਵ ਇਹ ਦਸਿਆ ਗਿਆ ਹੈ ਕਿ 'ਗੋ' ਤੋਂ ਅਰਥ ਹੈ ਤੇ ਬਿੰਦੂ ਤੋਂ ਭਾਵ ਇਹ ਹੈ ਕਿ "ਇੰਦਰੀਆਂ ਨੂੰ ਰੋਕਣਾ" ਅਰਥਾਤ ਜਿਹੜਾ ਸਾਡੀਆਂ ਇੰਦਰੀਆਂ ਨੂੰ ਮਾੜੇ ਪਾਸੇ ਜਾਣ ਤੋਂ ਤੇ ਮਾੜੇ ਕੰਮ ਕਰਨ ਤੋਂ ਰੋਕ ਲਵੇ। ਉਸ ਨੂੰ ਕਹਿੰਦੇ ਨੇ "ਗੋਬਿੰਦ"। ਜਿਹੜੇ ਸੁਆਮੀ ਤੁਲਸੀ ਦਾਸ ਨੇ ਉਹਨਾਂ ਦਾ ਇਹ ਦਾਅਵਾ ਹੀ ਹੈ ਇੰਦਰੀਆਂ ਨੂੰ ਰੋਕਣਾ। ਸੋ ਜਿਸ ਕਿਸੇ ਨੇ ਵੀ ਅਪਣੀਆਂ ਇੰਦਰੀਆਂ ਉਤੇ ਕਾਬੂ ਪਾ ਲਿਆ ਹੈ, ਉਹ ਧੰਨ ਹੈ, ਮੁਬਾਰਕ ਹੈ।

ਦੂਸਰੇ ਵਿਦਵਾਨ "ਗੋਬਿੰਦ" ਦਾ ਇਹ ਅਰਥ ਵੀ ਦੱਸਦੇ ਹਨ ਕਿ 'ਗੋ' ਤੋਂ ਭਾਵ ਹੈ 'ਪ੍ਰਿਥਵੀ' ਤੇ ਬਿੰਦੂ ਤੋਂ ਭਾਵ ਹੈ ਪਾਲਣਾ। ਭਾਵ ਕਿ ਜਿਹੜਾ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ, ਉਹ ਗੋਬਿੰਦ ਹੈ। ਇਸ ਤੋਂ ਇਲਾਵਾ ਵਿਦਵਾਨ ਸੱਜਣ ਇਹ ਵੀ ਵੀਚਾਰ ਕਰਦੇ

ਨੇ ਕਿ 'ਗੋ' ਤੋਂ ਭਾਵ ਹੈ ਗਰੀਬ। ਔਰ ਜਿਹੜਾ ਗਰੀਬਾਂ ਦੀਨ-ਦੁਖੀਆਂ ਦੀ ਪਾਲਣਾ ਕਰਦਾ ਹੈ, ਉਹ ਹੈ 'ਗੋਬਿੰਦ'। ਸੋ ਰਲ-ਮਿਲ ਕੇ ਅਰਥ ਇਕੋ ਹੀ ਨਿਕਲਦਾ ਹੈ ਕਿ "ਸਤਿਨਾਮ-ਵਾਹਿਗੁਰੂ"।

ਹਜ਼ੂਰ ਕਹਿੰਦੇ ਨੇ ਕਿ ਜਿਸ ਵੇਲੇ ਨਿਰੰਕਾਰ, ਸਿਰਜਣਹਾਰ, ਸੱਚੇ ਵਾਹਿਗੁਰੂ ਦੀ ਕ੍ਰਿਪਾ ਹੋਈ—

ਜਉ ਕਿਰਪਾ ਗੋਬਿੰਦ ਭਈ ਸੁਖ ਸੰਪਤਿ

ਇੰਨ੍ਹਾਂ ਪੰਕਤੀਆਂ ਦੇ ਅਰਥ ਹਨ ਕਿ ਸੁਖਾਂ ਦੀ ਸੰਪਤੀ, ਸੁਖਾਂ ਦੀ ਸਮੱਗਰੀ, ਸੁਖਾਂ ਦੇ ਸਾਧਨ ਤੇ ਸੁਖਾਂ ਦੇ ਉਪਾਅ, ਇਹ ਸਾਰੇ ਦੇ ਸਾਰੇ ਆਪਣੇ ਆਪ ਹੀ ਪ੍ਰਗਟ ਹੋ ਜਾਣਗੇ।

ਅਗਰ ਹਰਿ ਨਾਮ ਵਾਹਿਗੁਰੂ ਦੀ ਗਿਣਤੀ ਕਰਨ ਲੱਗ ਪਈਐ ਤਾਂ ਸਭ ਤੋਂ ਜ਼ਿਆਦਾ 'ਹਰਿ ਨਾਮ' ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਹੈ। ਚੌਥੇ ਪਾਤਿਸ਼ਾਹ ਜੀ ਦੀ ਬਾਣੀ ਵਿਚ 'ਹਰਿ' ਸ਼ਬਦ ਦਾ ਬਹੁਤ ਪ੍ਰਯੋਗ ਕੀਤਾ ਹੋਇਆ ਹੈ। ਸੋ ਗੋਬਿੰਦ ਦੀ ਹੀ ਕ੍ਰਿਪਾ ਨਾਲ ਗੋਬਿੰਦ ਦਾ ਨਾਮ ਹੀ ਪ੍ਰਾਪਤ ਹੋਇਆ।

ਤੇਰੀ ਹੀ ਕ੍ਰਿਪਾ ਤੇ......

ਤੁਮ ਹੀ ਪਛਾਨਹੋ॥

ਐ ਵਾਹਿਗੁਰੂ ! ਤੇਰੀ ਹੀ ਕ੍ਰਿਪਾ ਨਾਲ ਤੈਨੂੰ ਪਹਿਚਾਣਿਆ ਜਾਂਦਾ ਹੈ।

ਸਤਗੁਰ ਮਿਲਈ

ਜਉ ਕਿਰਪਾ ਗੋਬਿੰਦ ਭਈ॥

ਸੋ ਜਦੋਂ ਨਿਰੰਕਾਰ ਦੀ ਕ੍ਰਿਪਾ ਹੋਈ, ਸਿਰਜਣਹਾਰ ਦੀ ਕ੍ਰਿਪਾ ਹੋਈ, ਤਾਂ ਉਹਦੋਂ ਸਤਿਗੁਰੂ ਦਾ ਮਿਲਾਪ ਹੋਇਆ। ਇਸ ਲਈ ਨਿਰੰਕਾਰ ਦੀ ਦਇਆ ਤੋਂ ਬਿਨਾਂ, ਕ੍ਰਿਪਾ ਤੋਂ ਬਿਨਾਂ ਸਤਿਗੁਰੂ ਦੀ ਚਰਨ-ਸ਼ਰਨ ਨਹੀਂ ਆਇਆ ਜਾ ਸਕਦਾ। ਔਰ ਜਿਹੜੀਆਂ ਪੁੱਠੀਆਂ ਗੱਲਾਂ ਸਨ, ਭੈੜੀਆਂ ਗੱਲਾਂ ਸਨ, ਬਰਖ਼ਿਲਾਫ ਗੱਲਾਂ ਸਨ। ਜਿਨ੍ਹਾਂ ਨੇ ਦਿਨੇ-ਰਾਤ ਦਾ ਆਰਾਮ ਖੋਇਆ ਹੋਇਆ ਸੀ, ਉਹ ਸਭ ਗੱਲਾਂ ਸਿੱਧੀਆਂ ਹੋ ਗਈਆਂ। ਉਹਦੋਂ ਜਦੋਂ ਗੋਬਿੰਦ ਦੀ ਕਿਰਪਾ ਹੋਈ।

ਗਿਆਨੀ ਜੀ ਆਪਣੇ ਅੱਖੀਂ ਵੇਖਿਆ ਹਾਲ ਦੱਸਦੇ ਨੇ ਕਿ ਜ਼ਿਲ੍ਹਾ ਸਰਗੋਧਾ ਤੇ ਪਿੰਡ ਗੁਜਰਾਂਵਾਲਾ ਸੀ। ਉਥੇ ਇਕ ਕਸ਼ਮੀਰੀ ਜੁਆਰੀਆ ਹੁੰਦਾ ਸੀ। ਉਹ ਹਰ ਸਾਲ ਵਿਚ ਇਕ ਮਹੀਨਾ ਉਥੇ ਕਥਾ ਵਾਸਤੇ ਮੈਨੂੰ ਬੁਲਾਉਂਦਾ ਹੁੰਦਾ ਸੀ। ਔਰ ਸਭ ਨੂੰ ਇਹ ਐਲਾਨ ਕਰ

ਦਿੰਦਾ ਹੁੰਦਾ ਸੀ ਕਿ ਇਹਨਾਂ ਦੀ ਸੇਵਾ ਵੱਲ ਕਿਸੇ ਨੇ ਵੀ ਧਿਆਨ ਨਹੀਂ ਦੇਣਾ। ਔਰ ਜੇਕਰ ਕਿਸੇ ਨੇ ਵੀ ਧਿਆਨ ਦਿੱਤਾ ਤਾਂ ਮੈਂ ਉਸ ਨਾਲ ਗੁਸੇ ਹੋ ਜਾਵਾਂਗਾ। ਉਹ ਇਹ ਸਭ ਕੁਝ ਇਸ ਲਈ ਕਹਿੰਦਾ ਹੁੰਦਾ ਸੀ ਕਿਉਂਕਿ ਉਹ ਆਪ ਸੇਵਾ ਕਰਨਾ ਚਾਹੁੰਦਾ ਸੀ। ਔਰ ਉਥੇ ਦੋ ਭਰਾ ਹੁੰਦੇ ਸੀ ਫੂਲਾ ਸਿੰਘ ਤੇ ਗੋਪਾਲ ਸਿੰਘ, ਰਾਮਗੜ੍ਹੀਏ। ਔਰ ਗੋਪਾਲ ਸਿੰਘ ਬੀਮਾਰ ਹੋ ਗਿਆ ਤੇ ਲਾਹੌਰ ਤੋਂ ਜਦੋਂ ਵਾਪਿਸ ਆਇਆ ਤੇ ਡਾਕਟਰਾਂ ਨੇ ਇਹ ਕਹਿ ਦਿੱਤਾ ਕਿ ਜੇਕਰ ਤੂੰ ਮੱਕੀ ਦੀ ਰੋਟੀ ਸਰਸੋਂ ਦਾ ਸਾਗ ਤੇ ਤੇ ਲੱਸੀ ਪੀਤੀ, ਤੂੰ ਉਸੇ ਹੀ ਦਿਨ ਮਰ ਜਾਵੇਂਗਾ। ਮੈਂ ਜਦੋਂ ਉਸ ਪਿੰਡ ਵਿਚ ਪਹੁੰਚਿਆ ਤਾਂ ਤਿੰਨ-ਚਾਰ ਦਿਨ ਭਾਰੀ ਦੀਵਾਨ ਸਜਿਆ ਕਥਾ ਵਾਸਤੇ।

ਇਕ ਦਿਨ 'ਗੋਪਾਲ ਸਿੰਘ' ਨੇ ਆਪਣੀ ਵੱਡੀ ਭਰਜਾਈ ਨਾਲ ਗੱਲ ਕੀਤੀ ਕਿ ਭਾਬੀਏ ਮੈਂ ਤਾਂ ਮਰ ਹੀ ਜਾਣਾ ਹੈ, ਪਰ ਤੂੰ ਕਿਸੇ ਵੀ ਤਰ੍ਹਾਂ ਮੈਨੂੰ ਮੱਕੀ ਦੀ ਰੋਟੀ ਤੇ ਸਾਗ ਖੁਆ ਦੇ। ਆਖ਼ਿਰ ਤੂੰ ਮੇਰੀ ਮਾਵਾਂ ਵਰਗੀ ਹੈਂ। ਇਹ ਸੁਣ ਕੇ ਭਾਬੀ ਕਹਿਣ ਲੱਗੀ ਕਿ ਵਾਹਿਗੁਰੂ..... ਸਾਰੇ ਪਿੰਡ ਵਿਚ ਇਹ ਰੌਲਾ ਪੈ ਜਾਣਾ ਹੈ ਕਿ ਭਰਜਾਈ ਨੇ ਜਾਣ ਬੁਝ ਕੇ ਲੱਸੀ ਪਿਲਾ ਕੇ ਤੇ ਸਾਗ ਰੋਟੀ ਖੁਆ ਕੇ ਮਾਰ ਦਿੱਤਾ ਹੈ। ਇਸ ਬਜਾਏ ਤੂੰ ਮੈਨੂੰ ਕੋਈ ਹੋਰ ਸੇਵਾ ਦੱਸ। ਇਹ. ਸੁਣ ਕੇ ਰੋ ਪਿਆ ਗੋਪਾਲ ਸਿੰਘ, ਜੋ ਕਿ ਅੱਧਖੜ ਜਿਹੀ ਉਮਰ ਦਾ ਸੀ। ਕਹਿਣ ਲੱਗਾ ਕਿ ਮੈਂ ਮਾਂ ਸਮਝ ਕੇ ਤੇਰੇ ਕੋਲੋਂ ਰੋਟੀ ਮੰਗੀ ਹੈ ਤੇ ਮਾਂ ਕਦੀ ਆਪਣੇ ਬੱਚੇ ਨੂੰ ਮਾਰ ਸਕਦੀ ਹੈ। ਇਸ ਲਈ ਤੈਨੂੰ ਕਲੰਕ ਨਹੀਂ ਲਗੇਗਾ। ਫਿਰ ਭਰਜਾਈ ਨੇ ਸਾਗ ਬਣਾ ਕੇ ਤੇ ਲੱਸੀ ਰਿੜਕ ਕੇ ਸਾਗ ਨਾਲ ਮੱਕੀ ਦੀ ਰੋਟੀ ਉਸ ਨੂੰ ਖੁਆ ਦਿੱਤੀ। ਰੋਟੀ ਛੱਕ ਕੇ ਤ੍ਰਿਪੱਤ ਹੋ ਗਿਆ ਤੇ ਫਿਰ ਸੌਂ ਗਿਆ। ਪਰ ਭਰਜਾਈ ਦੇ ਮਨ ਵਿਚ ਇਹੋ ਡਰ ਕਿ ਕਿਤੇ ਇਸ ਨੂੰ ਕੁਝ ਹੋ ਗਿਆ ਹੈ। ਲੇਕਿਨ ਜਦੋਂ ਪੂਰੀ ਨੀਂਦ ਕਰ ਕੇ ਪਿਛਲੇ ਪਹਿਰ ਗੋਪਾਲ ਸਿੰਘ ਉਠਿਆ ਨਾ ਤੇ ਫਿਰ ਭਾਬੀ ਨੂੰ ਕਹਿਣ ਲੱਗਾ ਕਿ ਅੱਧੀ ਮੱਕੀ ਦੀ ਰੋਟੀ ਹੋਰ ਤੇ ਜੱਗ ਲੱਸੀ ਦਾ ਰਿੜਕ ਕੇ ਹੋਰ ਦੇ-ਦੇ। ਜਿਸ ਚੀਜ਼ ਵਲੋਂ ਲਾਹੌਰ ਹਸਪਤਾਲ ਵਾਲੇ ਰੋਕਦੇ ਸਨ, ਉਹੋ ਚੀਜ਼ਾਂ ਪੰਜ ਦਿਨ ਖਾਂਦਾ ਖਾਂਦਾ ਇਕ ਦਮ ਠੀਕ ਹੋ ਗਿਆ। ਫਿਰ ਹਸਪਤਾਲ ਗਿਆ ਤੇ ਉਥੇ ਜਾ ਕੇ ਕਹਿਣ ਲੱਗਾ ਕਿ ਜਿਸ ਚੀਜ਼ ਦਾ ਤੁਸੀਂ ਮੈਨੂੰ ਡਰ ਪਾਇਆ ਹੋਇਆ ਸੀ। ਉਹੀ ਚੀਜ਼ ਖਾ ਕੇ ਮੈਂ ਬਿਲਕੁਲ ਠੀਕ ਹੋ ਗਿਆ ਹਾਂ। ਇਹ ਸਭ ਗੋਬਿੰਦ ਦੀ ਹੀ ਕ੍ਰਿਪਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪੁਜਾਰੀਆ ! ਗੁਰੂ ਜੀ ਤਾਂ ਇਹ ਗੱਲ ਕਹਿੰਦੇ ਨੇ—

"ਪ੍ਰਭੁ ਭਾਵੈ ਬਿਨੁ ਸਾਸ ਤੇ ਰਾਖੈ

(ਅੰਗ ੨੭੭)

ਭਾਵ ਕਿ ਉਸਦੀ ਕ੍ਰਿਪਾ ਦਾ ਤੇ ਕੋਈ ਵੀ ਅੰਤ ਨਹੀਂ ਪਾ ਸਕਦਾ। ਔਰ ਜਿਹੜੇ ਭੈੜੇ ਸਨ, ਚੁਗਲੀ ਕਰਦੇ ਸਨ, ਲੂਤੀਆਂ ਲਾਉਂਦੇ ਸਨ, ਚੰਗੇ ਮੰਦੇ ਬੋਲ ਬੋਲਦੇ ਸਨ, ਉਹੀ ਲੋਕ ਫਿਰ ਗੋਬਿੰਦ ਦੀ ਕ੍ਰਿਪਾ ਨਾਲ ਸੱਜਣ ਬਣ ਗਏ।

ਅੰਧਕਾਰ ਮਹਿ ਰਤਨੁ ਪ੍ਰਗਾਸਿਓ॥

(ਅੰਗ ੪੦੨)

ਅਰਥਾਤ ਜਿਹੜਾ ਹਿਰਦੇ ਦੇ ਘਰ ਵਿਚ ਅੰਦਰ ਲੋਭ ਦਾ, ਮੋਹ ਦਾ, ਕ੍ਰੋਧ ਦਾ, ਅੰਧਕਾਰ ਦਾ ਹਨੇਰਾ ਪਸਰਿਆ ਹੋਇਆ ਸੀ ਨਾ ਤੇ ਜਿਸ ਹਨੇਰੇ ਵਿਚ ਉਸ ਨੂੰ ਆਪਣਾ ਆਪ ਵੀ ਨਹੀਂ ਸੀ ਨਜ਼ਰ ਆਉਂਦਾ। ਉਸ ਹਨੇਰੇ ਵਿਚ ਗਿਆਨ ਦਾ ਦੀਵਾ ਜੱਗ ਪਿਆ। ਔਰ ਜਿਹੜੀ ਬੁੱਧੀ ਗੰਦੀ ਸੀ, ਪਾਪਨ ਸੀ, ਉਹ ਫਿਰ ਠੀਕ ਹੋ ਗਈ, ਪਵਿੱਤਰ ਹੋ ਗਈ, ਸ਼ੁੱਧ ਹੋ ਗਈ। ਪਰ ਹੋਈ ਕਦੋਂ ?

"ਜਉ ਕਿਰਪਾ ਗੋਬਿੰਦ ਭਈ॥
ਜਉ ਕਿਰਪਾ ਗੋਬਿੰਦ ਭਈ॥"

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਆਨੰਤ ਚਾਲਾਂ ਬਖ਼ਸ਼ੀਆਂ ਨੇ ਔਰ ਬੜੇ-ਬੜੇ ਵਚਿੱਤਰ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖ ਦਿੱਤੇ ਨੇ।

"ਮਹਾਰਾਜਾ ਭੁਪਿੰਦਰ ਸਿੰਘ" ਪਟਿਆਲਾ ਵਾਲਿਆਂ ਨੇ ਕਲੱਕਤੇ ਵਾਲੀ ਵੇਸਵਾ ਨੂੰ ਸਦਿਆ। ਉਥੇ ਇਕ ਮਹੰਤ ਵੀ ਹੁੰਦੇ ਸਨ ਗੱਜਾ ਸਿੰਘ ਤੇ ਰੋਟੀ-ਪਾਣੀ ਦਾ ਖਰਚਾ ਉਹਨਾਂ ਨੂੰ ਇਥੋਂ ਹੀ ਮਿਲਦਾ ਸੀ। ਉਹਨਾਂ ਦਾ ਕੰਮ ਸੀ ਤਾਊਸ ਵਜਾਉਣਾ ਇਕ ਵੇਰਾਂ ਮਹਾਰਾਜੇ ਨੇ ਕੀਤੀ ਮਜਲਿਸ ਤੇ ਸਭ ਵਜ਼ੀਰ ਵੀ ਇਕੱਠੇ ਹੋਏ ਔਰ ਨਾਲ ਕਈ ਮਹਾਰਾਜੇ ਹੋਰ ਵੀ ਰਿਆਸਤਾਂ ਦੇ ਸੱਦ ਲਏ। ਫਿਰ ਉਸ ਨੇ ਆਪਣੇ ਮਹੰਤ ਗੱਜਾ ਸਿੰਘ ਨੂੰ ਵੀ ਸੱਦਾ ਭੇਜਿਆ ਤੇ ਕਿਹਾ ਸਾਨੂੰ ਸਾਰਿਆਂ ਨੂੰ ਤਾਊਸ ਸੁਣਾਵੇ। ਜਦੋਂ ਸਿਪਾਹੀ ਇਹ ਸੁਨੇਹਾ ਲੈ ਕੇ ਗੱਜਾ ਸਿੰਘ ਕੋਲ ਗਿਆ ਤਾਂ ਉਸ ਨੇ ਸਿਪਾਹੀ ਦੀ ਗੱਲ ਸੁਣ ਕੇ ਇਹ ਜਵਾਬ ਦਿੱਤਾ ਕਿ ਜਿਸ ਤਰ੍ਹਾਂ ਮਹੰਤ ਨੇ ਤੈਨੂੰ ਕਿਹਾ ਹੈ ਉਸ ਤਰ੍ਹਾਂ ਹੀ ਇਹ ਸ਼ਬਦ ਰਾਜੇ ਨੂੰ ਜਾ ਕੇ ਕਹਿ ਦੇਵੀਂ। ਕਿ ਮਹੰਤ ਜੀ ਕਹਿੰਦੇ ਸੀ ਬੇਵਕੂਫ, ਜ਼ਾਹਿਲਾ, ਨਲਾਇਕਾ, ਅਕਲ ਤੋਂ ਖਾਲੀਆ ਸ਼ਰਾਬੀਆ, ਮੈਂ ਤੇਰੇ ਪਿਉ ਦਾ ਨੌਕਰ ਹਾਂ ਓਇ ? ਤੈਨੂੰ ਤਾਊਸ ਸੁਨਾਉਣ ਆਵਾਂ। ਔਰ ਜੇ ਤੈਨੂੰ ਤਾਊਸ ਸੁਣਨ ਦੀ ਲੋੜ ਹੈ ਤਾਂ ਮੇਰੇ ਦਰਬਾਰ ਵਿਚ ਆ, ਭਾਵ ਕਿ ਧਰਮਸ਼ਾਲਾ ਵਿਚ ਆ। ਇਹ ਸੁਣ ਕੇ ਵੀ ਮਹੰਤ ਬੜੇ ਗੁੱਸੇ ਹੋਏ ਕਿ ਸਿੱਖਾਂ ਦੇ ਪੈਸੇ, ਸਿੱਖਾਂ ਦੇ ਰੁਪਏ ਵੇਸਵਾ ਲੁੱਟ ਕੇ ਲੈ ਜਾਵੇ

! ਔਰ ਕਲੱਕਤੇ ਜਾ ਕੇ ਬਦਫੈਲੀਆਂ ਤੇ ਖਰਚ ਕਰੇਗੀ। ਇਹ ਕੀ ਗੱਲ ਹੋ ਗਈ। ਮਹੰਤ ਜੀ ਨੇ ਆਪਣੇ ਸੇਵਕ ਨੂੰ ਕਿਹਾ ਕਿ ਜਦੋਂ ਮੁਜਰਾ ਖ਼ਤਮ ਹੋ ਜਾਏਗਾ ਨਾ, ਤਾਂ ਉਹਦੋਂ ਆ ਕੇ ਮੈਨੂੰ ਦੱਸੀਂ। ਜਿਸ ਵੇਲੇ ਮੁਜਰਾ ਖ਼ਤਮ ਹੋਇਆ ਤੇ ਸੇਵਕ ਨੇ ਉਸੇ ਵੇਲੇ ਆ ਕੇ ਦੱਸ ਦਿੱਤਾ। ਔਰ ਵੇਸਵਾ ਨੇ ਜਿਸ ਗਲੀ ਵਿਚੋਂ ਦੀ ਲੰਘਣਾ ਸੀ, ਉਥੇ ਸਾਹਮਣੇ ਹੀ ਮਹੰਤਾਂ ਦਾ ਡੇਰਾ ਸੀ। ਜਿਸ ਵੇਲੇ ਵੇਸਵਾ ਉਥੋਂ ਲੰਘਣ ਲੱਗੀ, ਉਹਨਾਂ ਤਾਊਸ ਵਜਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਤਾਊਸ ਦੀਆਂ ਤਾਰਾਂ ਦੀ ਆਵਾਜ਼ ਜਦੋਂ ਵੇਸਵਾ ਦੇ ਕੰਨਾਂ ਤੱਕ ਪਹੁੰਚੀ ਤਾਂ ਉਸੇ ਵਕਤ ਉਥੇ ਹੀ ਖਲੋ ਗਈ। ਇਕ ਘੰਟਾ ਉਹ ਮਹੰਤ ਤਾਊਸ ਵਜਾਉਂਦੇ ਰਹੇ ਤੇ ਉਹ ਵੇਸਵਾ ਇਕ ਘੰਟਾ ਹੀ ਖਲੋਤੀ ਰਹੀ। ਜਦੋਂ ਉਹਨਾਂ ਤਾਊਸ ਵਜਾਉਣਾ ਬੰਦ ਕੀਤਾ ਤਾਂ ਵੇਸਵਾ ਨੇ ਉਥੇ ਖੜੇ ਸੇਵਕ ਕੋਲੋਂ ਪੁੱਛਿਆ ਕਿ ਇਹ ਕੌਣ ਹਨ ? ਜਾਉ, ਉਹਨਾਂ ਕੋਲੋਂ ਜਾ ਕੇ ਪੁਛੋ ਕਿ ਮੈਂ ਗੁਣਾਹਗਾਰ ਤੁਹਾਡਾ ਦੀਦਾਰ ਕਰ ਸਕਦੀ ਹਾਂ ? ਇਹ ਸੁਣ ਕੇ ਮਹੰਤਾਂ ਆਖਿਆ ਕਿ 'ਜੀਅ ਸਦਕੇ ਆਉ।' ਅੰਦਰ ਜਾ ਕੇ ਵੇਸਵਾ ਨੇ ਮਹੰਤ ਅੱਗੇ ਪੰਜ ਸੌ ਰੁਪਏ ਮੱਥਾ ਟੇਕਿਆ। ਫਿਰ ਕਹਿਣ ਲੱਗੀ ਮਹੰਤ ਜੀ ਮਹਾਰਾਜ, ਜੇਕਰ ਮੈਂ ਉਸਤਾਦ ਵਾਲੀ ਹੋਈ, ਜੇਕਰ ਮੈਂ ਪੀਰ ਵਾਲੀ ਹੋਈ ਤਾਂ ਮੁੜ ਕੇ ਕਦੇ ਪਟਿਆਲਾ ਵਾਪਿਸ ਨਹੀਂ ਆਵਾਂਗੀ। ਤੁਹਾਡੀ ਇਸ ਤਾਊਸ ਦੀ ਆਵਾਜ਼ ਨੇ ਤਾਂ ਮੇਰੀ ਮੱਤ ਹੀ ਮਾਰ ਦਿੱਤੀ ਹੈ। ਮੈਂ ਤੇ ਸਮਝਦੀ ਸੀ ਕਿ ਮੇਰੇ ਵਰਗੀ ਹੋਰ ਕੋਈ ਹੈ ਹੀ ਨਹੀਂ। ਮੈਨੂੰ ਕੀ ਪਤਾ ਸੀ ਕਿ ਪਟਿਆਲੇ ਇਹੋ ਜਿਹੇ ਹੀਰੇ ਵੀ ਵੱਸਦੇ ਨੇ। ਇਹ ਹੈ "ਕਸੱਬੇ ਕਮਾਲ"। ਭਾਵ ਕਿ ਤਾਰਾਂ ਨਾਲ ਹੀ ਮੋਹ ਲਿਆ। ਜ਼ੁਬਾਨੋਂ ਕੁਝ ਕਿਹਾ ਹੀ ਨਹੀਂ। ਔਰ ਜਿਹੜੇ ਪੈਸੇ ਉਸ ਵੇਸਵਾ ਨੇ ਮਹੰਤ ਜੀ ਅਗੇ ਰਖੇ ਹੋਏ ਸੀ, ਉਹਨਾਂ ਪੈਸਿਆਂ ਵਿਚ ਹੀ ਹੋਰ ਪੈਸੇ ਪਾ ਕੇ ਮਹੰਤ ਜੀ ਨੇ ਆਖਿਆ ਕਿ ਇਹ ਪੈਸੇ ਲੈ ਜਾਉ। ਅਸੀਂ ਵੇਸਵਾ ਦੇ ਪੈਸੇ ਆਪਣੀ ਧਰਮਸ਼ਾਲਾ ਵਿਚ ਰੱਖ ਲਈਏ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਜਿਨ੍ਹਾਂ ਨੂੰ ਭਾਈ ਜੀ ਨੇ ਕੁਝ ਦਾਤ ਦੇ ਦਿੱਤੀ ਹੈ ਨਾ ਕਿਸੇ ਵੀ ਢੰਗ ਨਾਲ। ਉਹ ਫਿਰ ਮਸਤ ਹੋ ਜਾਂਦੇ ਨੇ। ਉਹ ਗੁਰੂ ਦੇ ਰੰਗ ਵਿਚ ਜੁੜ ਜਾਂਦੇ ਨੇ। ਕਦੋਂ—

"ਜਉ ਕਿਰਪਾ ਗੋਬਿੰਦ ਭਈ॥
ਜਉ ਕਿਰਪਾ ਗੋਬਿੰਦ ਭਈ॥
ਮੁਖ ਸੰਪਤ ਹਰਿ ਨਾਮ ਫਲ ਪਏ ਸਤਿਗੁਰ ਮਿਲਈ॥

(ਅੰਗ ੪੦੨)

"ਸੂਰਜ ਪ੍ਰਕਾਸ਼" ਵਿਚ ਜ਼ਿਕਰ ਆਇਆ ਹੈ ਕਿ ਇਕ ਰਾਹੀਂ ਤੁਰਿਆ ਜਾ ਰਿਹਾ ਸੀ।

ਉਸ ਦੇ ਮਨ ਵਿਚ ਇਹੋ ਖ਼ਿਆਲ ਸੀ ਕਿ ਇਕੱਲਾ ਹਾਂ, ਜੇਕਰ ਕੋਈ ਹੋਰ ਸਾਥੀ ਨਾਲ ਮਿਲ ਜਾਵੇ, ਤਾਂ ਸਤਿਸੰਗਤ ਬਣ ਜਾਵੇ। ਕਿਉਂਕਿ ਜਿਹੜਾ ਗੁਰੂ ਕਾ ਸਿੱਖ ਹੈ, ਉਹ ਸਤਿਸੰਗ ਦਾ ਮਤਵਾਲਾ ਹੈ। ਉਸ ਨੂੰ ਸਤਿਸੰਗ ਦਾ ਅਮਲ ਹੈ। ਜਿਸ ਤਰ੍ਹਾਂ ਸ਼ਰਾਬੀ ਨੂੰ 'ਸ਼ਰਾਬ' ਪੀਣ ਦਾ ਅਮਲ ਹੈ, ਉਸੇ ਹੀ ਤਰ੍ਹਾਂ ਸਤਿਸੰਗੀ ਨੂੰ ਸਤਿਸੰਗ ਦਾ ਅਮਲ ਹੈ।

ਇਸੇ ਤਰ੍ਹਾਂ ਦੋ ਸਤਿਸੰਗੀ ਰਾਹ ਵਿਚ ਤੁਰੇ ਜਾ ਰਹੇ ਸਨ। ਇਕ ਥੋੜੀ ਵਡੇਰੀ ਉਮਰ ਦਾ ਸੀ ਤੇ ਇਕ ਥੋੜੀ ਛੋਟੀ ਉਮਰ ਦਾ ਸੀ। ਔਰ ਜਿਹੜਾ ਛੋਟੀ ਉਮਰ ਦਾ ਸੀ, ਉਹ ਬਹੁਤ ਹੀ ਦਾਨਾ, ਵਿਦਵਾਨ ਤੇ ਸਿਆਣਾ ਸੀ।

"ਕਹਿ ਕਬੀਰ ਤੁਮ ਸਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥

(ਅੰਗ ੮੫੬)

ਇਨ੍ਹਾਂ ਪੰਕਤੀਆਂ ਤੋਂ ਭਾਵ ਹੈ ਕਿ ਹੇ ਮੇਰੇ ਸਮੱਰਥ ਦਾਤਾ ! ਤੂੰ ਇਨਾਂ ਦਇਆਵਾਨ ਹੈ ਕਿ ਚਾਰ ਪਦਾਰਥ ਸਾਨੂੰ ਦੇਣ ਲਗਿਆਂ ਤੂੰ 'ਬਾਰ' ਨਹੀਂ ਲਗਾਉਂਦਾ ਭਾਵ ਕਿ ਦੇਰ ਨਹੀਂ ਲਗਾਉਂਦਾ। ਔਰ ਇਕ ਅੰਗਰੇਜ਼ੀ ਵਿਚ ਵੀ 'BAR' ਲਿਖਿਆ ਹੁੰਦਾ ਹੈ। ਜਿਥੇ ਪੱਗਾਂ ਲੱਥ ਜਾਂਦੀਆਂ ਨੇ, ਜੁੱਤੀਆਂ ਗਵਾਚ ਜਾਂਦੀਆਂ ਨੇ, ਪੈਸੇ ਖਰਚ ਹੋ ਜਾਂਦੇ ਨੇ ਤੇ ਇਥੋਂ ਤੱਕ ਕਿ ਆਪਸ ਵਿਚ ਹਥਿਆਰ ਵੀ ਚਲ ਪੈਂਦੇ ਨੇ। ਸੋ ਵਾਹਿਗੁਰੂ ਇਸ 'BAR' ਵਿਚ ਕਿਸੇ ਨੂੰ ਨਾ ਲੈ ਕੇ ਜਾਏ।

ਸੋ ਉਹ ਦੋਨੋਂ ਮਹਾਂਪੁਰਸ਼ ਤੁਰੇ ਜਾਂਦੇ ਸਨ ਤੇ ਜਿਹੜਾ ਛੋਟੀ ਉਮਰ ਦਾ ਵਿਅਕਤੀ ਸੀ, ਉਸ ਨੇ ਮਹਾਂਪੁਰਸ਼ਾਂ ਨੂੰ ਸਵਾਲ ਪੁੱਛਿਆ ਕਿ ਤੁਸੀਂ ਬੜੇ ਪਿਆਰ ਵਾਲੀਆਂ, ਬੜੀਆਂ ਪਿੱਜੀਆਂ ਹੋਈਆਂ ਬੜੀਆਂ ਰਮਜ਼ ਵਾਲੀਆਂ ਗੱਲਾਂ ਕਰਦੇ ਹੋ। ਇਹ ਦੱਸੋ ਕਿ "ਤੁਹਾਡਾ ਗੁਰੂ ਕੌਣ ਹੈ" ? ਇਹ ਸੁਣ ਕੇ ਬੁੱਢਾ ਚਕਾਚੌਂਧ ਵਿਚ ਆ ਗਿਆ, ਤਾਜੁਬ ਵਿਚ ਆ ਗਿਆ ਤੇ ਕਹਿਣ ਲੱਗਾ, ਭਾਈ...... ! ਇੱਕੀ ਵਰਾਂ ਮੈਂ ਗੰਗਾ ਦਾ ਇਸ਼ਨਾਨ ਕੀਤਾ ਤੇ ਅਜੇ ਵੀ ਗੁਰੂ ਦੀ ਲੋੜ ਹੈ ? ਇਕੀ ਵਾਰੀ ਇਸ਼ਨਾਨ ਕਰਨ ਨਾਲ ਵੀ ਮੇਰੇ ਪਾਪ ਨਾ ਧੋਤੇ ਗਏ ? ਉਹ ਜਿਸ ਵੇਲੇ ਗੱਲਾਂ ਕਰਨ ਵਾਲੇ ਤੇ ਗੱਲਾਂ ਸੁਣਨ ਵਾਲੇ ਨੂੰ ਇਹ ਪਤਾ ਲੱਗਾ ਕਿ ਇਸਦਾ ਗੁਰੂ ਕੋਈ ਨਹੀਂ ਹੈ। ਇਹ ਤਾਂ ਪਾਣੀ ਨੂੰ ਗੁਰੂ ਮੰਨੀ ਬੈਠਾ ਹੈ, ਇਹ ਤਾਂ ਗੰਗਾ ਨੂੰ ਗੁਰੂ ਮੰਨੀ ਬੈਠਾ ਹੈ। ਜ਼ਿੰਦਗੀ ਜਿੰਨਾ ਲੰਬਾ ਹੌਕਾ ਮਾਰ ਕੇ ਕਹਿੰਦਾ ਹੈ ਕਿ ਅੱਜ ਤੱਕ ਤੁਸੀਂ ਜੋ ਜੱਪ, ਜੋ ਪੂਜਾ, ਜੋ ਪਾਠ ਕੀਤਾ ਸੀ। ਜੋ ਨੇਕੀਆਂ ਕੀਤੀਆਂ ਅੱਜ ਤੱਕ, ਜੋ ਵਰਤ ਰੱਖੇ ਅੱਜ ਤੱਕ ਸਭ ਖੂਹ ਵਿਚ ਪੈ ਗਏ, ਮਿੱਟੀ ਵਿਚ ਮਿਲ ਗਏ, ਬਰਬਾਦ ਹੋ ਗਏ। ਕਿਉਂਕਿ ਮੈਂ ਇਕ ਨਿਗੁਰੇ ਦੇ

ਦਰਸ਼ਨ ਕਰ ਲਏ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਲਿਖਿਆ ਹੈ,

"ਪੁਤ ਸਪੁੱਤ ਹੋਵੈ ਸੁਖਦਾਈ"

ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਜਦੋਂ ਮਾਂ ਨੇ ਆਪਣੀ ਹਾਲਤ ਨੂੰ ਅਕਲ ਦੀ ਤੱਕੜੀ ਤੇ ਤੋਲਿਆ, ਆਪਣੇ ਆਪ ਨੂੰ ਜਾਣ ਲਿਆ, ਸਮਝ ਲਿਆ ਤੇ ਫਿਰ ਨਿਰੰਕਾਰ ਅੱਗੇ ਅਰਦਾਸਾਂ ਕਰਨ ਲੱਗ ਪਈ ਕਿ ਹੇ ਵਾਹਿਗੁਰੂ ! ਜੇਕਰ ਮਿਹਰ ਕਰਨ ਲੱਗਾ ਹੈਂ, ਜੇਕਰ ਮੇਲ ਵਧਾਉਣ ਲੱਗਾ ਹੈਂ, ਜੇਕਰ ਮੇਰੀ ਗੋਦ ਹਰੀ-ਭਰੀ ਕਰਨ ਲੱਗਾ ਹੈਂ ਔਰ ਜੇਕਰ ਤੈਨੂੰ ਮੇਰੇ ਪਤੀ ਦੇ ਖ਼ਾਨਦਾਨ ਉਤੇ ਤਰਸ ਆ ਗਿਆ ਹੈ ਤਾਂ ਮੈਨੂੰ ਪੁੱਤਰ ਬਖ਼ਸ਼ੀਂ, ਸਪੁੱਤਰ ਪੁੱਤਰ ਬਖ਼ਸ਼ੀਂ। ਭਾਵ ਕਿ ਜਿਹੜਾ ਸੁਖਦਾਈ ਹੋਏ, ਮੈਨੂੰ ਉਹ ਪੁੱਤਰ ਬਖ਼ਸ਼ੀਂ। ਔਰ ਜੇਕਰ ਪੁੱਤਰ ਮਨਮੁੱਖ ਬਖ਼ਸ਼ਣਾ ਈ, ਕੁਲੱਛਣਾ ਬਖ਼ਸ਼ਣਾ ਹੀ, ਜੁਆਰੀਆ ਬਖ਼ਸ਼ਣਾ ਈ, ਬਦਚਲਣ ਚੋਰ ਬਖ਼ਸ਼ਣਾ ਈ ਤਾਂ ਮੈਨੂੰ ਖੋਟੇ ਪੁੱਤਰ ਦੀ ਜਗ੍ਹਾ ਧੀਅ ਬਖ਼ਸ਼ ਦੇਵੀਂ। ਔਰ ਜੇਕਰ ਮੈਨੂੰ ਪੁੱਤਰ ਵਾਂਗੂੰ ਧੀਅ ਵੀ ਕੁਲੱਛਣੀ ਦੇਣੀ ਹੈ, ਬਦਚਲਣ ਦੇਣੀ ਹੈ ਤੇ ਚਾਲ-ਚਲਣ ਤੋਂ ਗਿਰੀ ਹੋਈ ਦੇਣੀ ਹੈ ਤਾਂ ਮੇਰੇ ਘਰ ਧੀਅ ਦੀ ਜਗ੍ਹਾ ਸੱਪਣੀ ਜਮ ਪਏ, ਮੈਨੂੰ ਉਹ ਪਰਵਾਨ ਹੈ। ਕਿਉਂਕਿ ਜਿਹੜੀ ਸੱਪਣੀ ਹੈ, ਉਸ ਦੀ ਆਦਤ ਹੈ ਕਿ ਰੋਜ਼ ਉਹ ਇਕ ਅੰਡਾ ਦਿੰਦੀ ਹੈ। ਔਰ ਜਦੋਂ ਉਸ ਦੇ ਬੱਚੇ ਜੰਮਦੇ ਹਨ ਤਾਂ ਉਹ ਆਪ ਹੀ ਖਾ ਲੈਂਦੀ ਹੈ। ਇਕ ਤੇ ਸੱਪਣੀ ਦਾ ਪੇਟ ਵੀ ਭਰ ਗਿਆ। ਔਰ ਦੂਜੀ ਇਹ ਗੱਲ ਕਿ ਬੇਈਮਾਨਾਂ ਦੀ ਕੁੱਲ ਵੀ ਨਾ ਵਧੀ। "ਭਾਈ ਗੁਰਦਾਸ ਜੀ" ਦਸਦੇ ਹਨ ਕਿ ਸੱਪ ਇੰਨਾ ਬੇਲਿਹਾਜ ਹੈ ਕਿ ਇਕ ਤਾਂ ਗਾਂਈ ਨੂੰ ਵੀ ਲੜ ਜਾਂਦਾ ਹੈ ਤੇ ਦੂਜੇ ਪਾਸੇ ਬ੍ਰਾਹਮਣ ਨੂੰ ਵੀ ਡੰਗ ਮਾਰ ਸੁੱਟਦਾ ਹੈ। ਵੈਸੇ ਗਾਂਈ ਨੂੰ 'ਮਾਂ' ਕਹਿੰਦਾ ਹੈ 'ਜਗਤ ਕਾ ਸ਼ਾਸ਼ਤਰ' ਤੇ ਬ੍ਰਾਹਮਣ ਨੂੰ 'ਗੁਰੂ' ਕਹਿੰਦਾ ਹੈ 'ਜਗਤ' ਕਾ ਸ਼ਾਸ਼ਤਰ' ਪਰ ਸੱਪ ਇਨ੍ਹਾਂ ਦੋਹਾਂ ਨੂੰ ਹੀ ਲੜ ਜਾਂਦਾ ਹੈ। ਪਰ ਉਸ ਵਿਚ ਇਕ ਐਸਾ ਮੰਤਰ ਹੈ ਜਦੋਂ ਆਪਣੇ ਗੁਰੂ ਕੋਲ ਪਹੁੰਚਦਾ ਹੈ ਤਾਂ ਬਿਨਾਂ ਡੰਗ ਮਾਰੇ ਹੀ ਚੁੱਪ ਕਰਕੇ ਬੰਦ ਉਸ ਪਟਾਰੀ ਵਿਚ ਬੈਠ ਜਾਂਦਾ ਹੈ।

ਇਕ "ਭਾਈ ਗੁਰਦਾਸ ਜੀ" ਵੇਖੋ ਨੇ ਦੁਨੀਆਂ ਦੇ ਤਖਤੇ ਉਤੇ ਜਿਹੜੇ ਕਿ 'ਡਾਇਣ ਮਾਂ' ਨੂੰ ਵੀ ਕਹਿੰਦੇ ਨੇ ਕਿ ਤੂੰ ਧੰਨ ਹੈਂ। 'ਡਾਇਣ ਮਾਂ' ਉਹ ਹੈ, ਜਿਹੜੀ ਦੂਜਿਆਂ ਦੇ ਪੁੱਤਰਾਂ ਦੇ ਕਲੇਜੇ ਕੱਢ ਕੇ ਖਾ ਲਵੇ। ਔਰ ਉਹਨਾਂ ਦਾ ਘਰ ਵੀ ਬਰਬਾਦ ਕਰ ਦੇਵੇ। ਲੇਕਿਨ ਭਾਈ ਗੁਰਦਾਸ ਜੀ ਕਹਿੰਦੇ ਮੈਂ 'ਡਾਇਣ ਮਾਂ' ਨੂੰ ਵੀ ਧੰਨ ਕਹਿੰਦਾ ਹਾਂ। ਕਿਉਂਕਿ ਡਾਇਣ ਮਾਂ ਭੈੜੇ, ਨਿਖੁੱਟੇ, ਕਲੱਛਣੇ ਤੇ ਧੋਖੇਬਾਜ਼ ਮਾਂ ਦੇ ਪੁੱਤਰ ਦਾ ਕਲੇਜਾ ਕੱਢ ਕੇ ਖਾ ਲੈਂਦੀ ਹੈ। ਇਕ ਤੇ ਉਹ ਭੈੜਾ ਪੁੱਤਰ ਮਰ ਗਿਆ ਤੇ ਦੂਜਾ ਉਸ ਡਾਇਣ ਮਾਂ ਦਾ ਵੀ ਪੇਟ ਭਰ ਗਿਆ। ਅੰਤਲੀਆਂ

ਤੁਕਾਂ ਵਿਚ ਭਾਈ ਗੁਰਦਾਸ ਜੀ ਕਹਿੰਦੇ ਨੇ

"ਨਿਗੁਰੇ ਕੁਲ ਨਾ ਹੋਰ ਸਿਰਜਣਹਾਰੇ, ਸ੍ਰਿਸ਼ਟ ਉਪਾਈ॥

(ਵਾਰ ਭਾਈ ਗੁਰਦਾਸ ਜੀ, ੩੭-੧੮)

ਇਸ ਤੋਂ ਭਾਵ ਹੈ ਕਿ ਜਿੰਨੀ ਸ੍ਰਿਸ਼ਟੀ ਸਿਰਜਣਹਾਰ ਨੇ ਪੈਦਾ ਕੀਤੀ ਹੈ ਨਾ, ਇਸ ਵਿਚ ਨਿਗੁਰੇ ਵਰਗਾ ਹੋਰ ਕੋਈ ਨਹੀਂ, ਉਸ ਵਰਗਾ ਪਾਪੀ ਹੋਰ ਵੀ ਕੋਈ ਨਹੀਂ। ਭਾਵ ਕਿ ਜਿਹੜਾ ਨਿਗੁਰਾ ਹੈ, ਕੁਲੱਛਣਾ ਹੈ, ਮਦਮੱਤੀਆ ਹੈ, ਕੁਕਰਮੀ ਹੈ, ਉਹ ਨਾ ਮਾਂ ਦੀ ਸ਼ਰਨ ਵਿਚ ਆਉਂਦਾ ਹੈ ਤੇ ਨਾ ਪਿਉ ਦੀ ਸ਼ਰਨ ਵਿਚ ਆਉਂਦਾ ਹੈ। ਅਰਥਾਤ ਕਿ ਉਹ ਕਿਸੇ ਦਾ ਵੀ ਕਹਿਣਾ ਨਹੀਂ ਮੰਨਦਾ। ਬਲਕਿ ਆਪਣੇ ਮਨ ਨੂੰ ਆਪਣਾ ਆਗੂ ਬਣਾ ਕੇ ਸਾਰੀ ਜ਼ਿੰਦਗੀ ਬਦਫੈਲੀਆਂ ਵਿਚ ਗੁਜ਼ਾਰ ਦਿੰਦਾ ਹੈ।

ਸੋ ਇਸੇ ਤਰ੍ਹਾਂ ਜਿਹੜਾ ਵੱਡੀ ਉਮਰ ਦਾ ਸੀ, ਉਸ ਨੇ ਕਿਹਾ ਕਿ ਇੱਕੀ ਵਰ੍ਹੇ ਹੋ ਗਏ ਮੈਨੂੰ ਗੰਗਾ ਵਿਚ ਇਸ਼ਨਾਨ ਕਰਦਿਆਂ ਤੇ ਅਜੇ ਵੀ ਪੁੱਛਦਾ ਹੈਂ ਕਿ ਮੇਰਾ ਗੁਰੂ ਕੌਣ ਹੈ ? ਜਿਹੜਾ ਛੋਟੀ ਉਮਰ ਦੀ ਅਵਸਥਾ ਦਾ ਸੀ, ਉਹ ਸੁਣ ਕੇ ਕਹਿਣ ਲੱਗਾ ਕਿ ਅੱਜ ਤੱਕ ਤੁਸੀਂ ਜੋ ਜੱਪ ਜੋ ਤੱਪ ਕੀਤਾ ਸਭ ਵਿਅਰਥ ਚਲਾ ਗਿਆ ਤੇ ਮੇਰੇ ਵੀ ਪੁੰਨ ਦਾਨ ਸਭ ਨਸ਼ਟ ਹੋ ਗਏ। ਕਿਉਂਕਿ ਅੱਜ ਮੈਨੂੰ "ਨਿਗੁਰੇ" ਦੇ ਦਰਸ਼ਨ ਹੋ ਗਏ। ਇਹ ਸੁਣ ਕੇ ਵੱਡੀ ਉਮਰ ਦੀ ਅਵਸਥਾ ਵਾਲੇ ਬਜ਼ੁਰਗ ਦੇ ਸੱਟ ਬੜੀ ਵੱਜੀ। ਆਪਣੇ ਮਨ ਵਿਚ ਸੋਚਣ ਲੱਗਾ ਕਿ ਇੰਨੀ ਵਾਰੀ ਗੰਗਾ ਵਿਚ ਇਸ਼ਨਾਨ ਕਰਨ ਦੇ ਬਾਵਜੂਦ ਵੀ ਮੈਂ "ਨਿਗੁਰਾ"। ਭਾਵ ਕਿ ਮੈਂ ਗੁਰੂ ਵਾਲਾ ਨਹੀਂ। ਇਸੇ ਪਸਚਾਤਾਪ ਵਿਚ ਘਰ ਆ ਗਿਆ ਤੇ ਸਾਰਾ ਦਿਨ ਇਸੇ ਹੀ ਗਮ ਵਿਚ ਬੀਤ ਗਿਆ ਕਿ ਮੈਂ 'ਨਿਗੁਰਾ'।

ਗੁਰੂ ਕੇ ਸਿੱਖਾ ! ਜੇ ਤੂੰ ਅਜੇ ਤੱਕ ਗੋਬਿੰਦ ਸਿੰਘ ਜੀ ਦੇ ਦਰਸ਼ਨ ਨਹੀਂ ਕੀਤੇ, ਅੰਮ੍ਰਿਤ ਨਹੀਂ ਛਕਿਆ ਤੇ ਅਜੇ ਤੱਕ ਜੇ ਤੂੰ ਗੁਰੂ ਵਾਲਾ ਨਹੀਂ ਬਣਿਆ ਤਾਂ ਪਸਚਤਾਪ ਕਰਿਆ ਕਰ। ਸਿਰ ਝੁਕਾਇਆ ਕਰ ਤੇ ਕਿਸੇ ਨਾ ਕਿਸੇ ਵੇਲੇ ਕਿਹਾ ਕਰ ਕਿ ਮੈਂ ਨਿਗੁਰਾ।

ਨਿਗੁਰੇ ਕਾ ਹੈ ਨਾਉ ਬੁਰਾ॥

(ਅੰਗ ੪੩੫)

ਸਾਹਿਬ "ਗੁਰੂ ਗ੍ਰੰਥ ਸਾਹਿਬ ਜੀ" ਕਹਿੰਦੇ ਨੇ ਕਿ ਨਿਗੁਰਾ ਐਸਾ ਹੈ ਕਿ ਜੋ,

ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥

(ਅੰਗ ੫੨੯)

ਵੇਸਵਾ ਦੇ ਪੁੱਤਰ ਦੇ ਪਿਉ ਦਾ ਪਤਾ ਨਹੀਂ ਹੁੰਦਾ ਕਿ ਇਸਦਾ ਬਾਪ ਕੌਣ ਹੈ ? ਇਸੇ ਤਰ੍ਹਾਂ ਨਿਗੁਰੇ ਦੀ ਹਾਲਤ ਵੀ ਉਸ ਵੇਸਵਾ ਦੇ ਪੁੱਤਰ ਵਰਗੀ ਹੀ ਹੈ।

ਸਾਰੀ ਰਾਤ ਉਸ ਬੁੱਢੇ ਦੀ ਹੌਕਿਆਂ ਵਿਚ ਹੀ ਗੁਜ਼ਰੀ। ਪ੍ਰਭਾਤ ਵੇਲਾ ਹੋਇਆ ਤਾਂ ਫਿਰ ਆਪਣੇ ਰਾਹ ਨੂੰ ਤੁਰ ਪਿਆ।

"ਕਰਣੀ ਕਾਗਦੁ"

ਜਿਹੜੇ ਸਾਡੇ ਦਿਨ ਭਰ ਦੇ ਕਰਮ ਨੇ ਨਾ, ਇਹ ਕਾਗਜ਼ ਹੈ।

ਮਨੁ ਮਸਵਾਣੀ॥

ਜਿਹੜੀ ਰਾਤ ਹੈ, ਉਹ ਇਕ ਜਾਲੀ ਹੈ ਤੇ ਜਾਲੀ ਵਿਚ ਨਿੱਕੇ ਨਿੱਕੇ ਪਰਿੰਦੇ ਫਸਦੇ ਰਹਿੰਦੇ ਨੇ। ਔਰ ਜਿਹੜਾ ਦਿਨ ਹੈ, ਇਹ ਬਹੁਤ ਵੱਡਾ ਜਾਲ ਹੈ ਤੇ ਇਸ ਵਿਚ ਬੜੇ ਬੜੇ ਵੱਡੇ ਮਗਰਮੱਛ ਵੀ ਫਸ ਜਾਂਦੇ ਨੇ। ਔਰ ਜਿਹੜੇ ਵਪਾਰੀ ਲੋਕ ਨੇ, ਬੜੇ ਬੜੇ ਵਪਾਰੀਆਂ ਨੂੰ ਵੀ ਇਸ ਜਾਲ ਵਿਚ ਫਸਾ ਲੈਂਦੇ ਨੇ।

"ਜੇਤੀ ਘੜੀ ਫਾਹੀ ਤੇਤੀ"

(ਅੰਗ ੯੯੦)

ਜਿੰਨੀਆਂ ਰਾਤ ਦਿਨ ਦੀਆਂ ਘੜੀਆਂ ਨੇ, ਉਹ ਫਾਹੀਆਂ ਨੇ। ਜਿਸ ਵਿਚ ਨਿੱਕੇ ਨਿੱਕੇ ਬਟੇਰੇ ਤੇ ਪਰਿੰਦੇ ਫਸ ਜਾਂਦੇ ਨੇ। ਔਰ ਸਾਹਿਬ "ਗੁਰੂ ਗ੍ਰੰਥ ਸਾਹਿਬ ਜੀ" ਇਹ ਹੋਕਾ ਦਿੰਦੇ ਨੇ—

ਚੇਤਸਿ ਚਿਤ ਕੀ ਨਹੀ ਲਾਵਰਿਆ॥

(ਅੰਗ ੧੧੦)

ਹੇ ਪਾਗਲ ਮਨਾਂ, ਹੇ ਸ਼ੁਦਾਈ ਮਨਾਂ, ਹੇ ਦੀਵਾਨੇ ਮਨਾਂ ਤੂੰ ਕਿਉਂ ਨਹੀਂ ਸਿਮਰਦਾ।

ਹਰਿ ਬਿਸਰਤ ਤੇਰੇ ਗੁਣ ਗਲਿਆ॥

(ਅੰਗ ੩੫੨)

ਗੁਣ ਤੋਂ ਭਾਵ ਹੈ ਰਸਾਂ ਤੇ ਗਲਿਆ ਤੋਂ ਭਾਵ ਹੈ ਗੱਲ। ਅਰਥਾਤ ਕਿ ਜੇ ਤੂੰ ਹਰੀ ਦਾ ਨਾਮ ਵਿਸਾਰ ਦਿੱਤਾ ਤਾਂ ਜਮਾਂ ਦਾ ਫਾਹਿਆ ਤੇਰੇ ਗਲ੍ਹੇ ਵਿਚ ਪੈ ਜਾਏਗਾ। ਫਿਰ ਉਹ ਤੈਨੂੰ ਇਥੋਂ ਘਸੀਟ ਕੇ ਲੈ ਜਾਣਗੇ।

ਦੂਜੇ ਪਾਸੇ ਉਹ ਜਿਹੜਾ ਬੁੱਢੀ ਅਵਸਥਾ ਦਾ ਸੀ, ਜਿਸ ਵੇਲੇ ਉਹ ਫਿਰ ਘਰ ਆਇਆ ਤਾਂ ਉਸ ਨੇ ਵੇਖਿਆ ਕਿ ਉਸ ਦੇ ਭਰਾ ਦੀ ਨੂੰਹ ਚਾਟੀ ਵਿਚ ਲੱਸੀ ਰਿੜਕ ਰਹੀ

ਸੀ ਤੇ ਮੱਖਣ ਵੀ ਕੱਢ ਰਹੀ ਸੀ। ਪਰ ਨਾਲ ਉਹ ਬਾਣੀ ਦਾ ਜਾਪ ਵੀ ਕਰ ਰਹੀ ਸੀ। ਜਿਸ ਵੇਲੇ ਉਹ ਬਾਬਾ ਘਰ ਆਇਆ ਤਾਂ ਉਹ ਨੂੰਹ ਦੇ ਬਚਨ ਸੁਣ ਕੇ ਬਹੁਤ ਹੈਰਾਨ ਹੋਇਆ। ਔਰ ਬਚਨ ਕਰਦਿਆਂ ਨੂੰਹ ਦੇ ਮੂੰਹੋਂ ਨਿਕਲ ਗਿਆ ਕਿ—

ਕਾਇਆ ਆਰਣੁ,

'ਆਰਨ' ਤੋਂ ਭਾਵ ਹੈ ਕਿ ਜਿਹੜੀ ਲੋਹਾਰ ਦੀ ਭੱਠੀ ਹੈ, ਉਸ ਨੂੰ ਆਰਣ ਕਹਿੰਦੇ ਨੇ। ਜਿਹੜੀ ਪਿੰਡ ਵਿਚ ਲੋਹਾਰ ਦੀ ਭੱਠੀ ਹੈ, ਉਸ ਵਿਚ ਲੋਹਾ ਤੱਪ ਰਿਹਾ ਹੈ। ਇਸੇ ਤਰ੍ਹਾਂ ਕਾਇਆ ਵੀ ਉਸ ਭੱਠੀ ਵਿਚ ਤੱਪ ਰਹੀ ਹੈ। ਭਾਵ ਕਿ ਕਾਇਆ ਕੀ ਭੱਠੀ ਵਿਚ ਵੀ ਮਨ ਦਾ ਲੋਹਾ ਤੱਪ ਰਿਹਾ ਹੈ।

"ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥

(ਅੰਗ ੯੯੦)

ਪੋਂਡੂ ਲੋਹਾਰ ਦੇ ਆਪਣੀ ਭੱਠੀ ਵਿਚ ਮਨ ਦਾ ਲੋਹਾ ਪਿਆ ਹੋਇਆ ਹੈ। ਫਿਰ ਉਸ ਉੱਪਰ ਲੱਕੜੀਆਂ ਪਾ ਕੇ ਤੇ ਫੂਕਾਂ ਮਾਰਦਾ ਹੈ ਤੇ ਫਿਰ ਅੱਗ ਬਲਦੀ ਹੈ। ਇਸ ਨਾਲ ਲੋਹਾ ਤੱਪਦਾ ਹੈ ਤੇ ਜਿਹੜਾ ਮਨ ਦਾ ਲੋਹਾ ਹੈ, ਇਸ ਨੂੰ ਪੰਜੋ ਦੀ ਅੱਗ ਲਗੀ ਹੋਈ ਹੈ—

"ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ"

"ਪੰਜ ਅਗਨ ਤਿਤ ਲਾਗ ਰਹੀ॥"

(ਅੰਗ ੧੧੧੮)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਨ੍ਹਾਂ ਪੰਜਾਂ ਵਾਸਤੇ ਬੜਾ ਇਨਸਾਫ ਕੀਤਾ ਹੈ। ਇਹ ਜਿਹੜੇ ਪੰਜੇ ਤੱਤ ਨੇ, ਉਹਨਾਂ ਸਿਆਣਿਆਂ ਨੂੰ ਦਾਨਿਆਂ ਨੂੰ ਬੜਾ ਛਲ ਲਿਆ ਹੈ। ਉਹਨਾਂ ਦਾ ਰਹਿਣ ਕੁਝ ਨਹੀਂ ਦਿੱਤਾ। ਉਹਨਾਂ ਦੀ ਸਾਰੀ ਇੱਜ਼ਤ ਆਬਰੂ ਬਰਬਾਦ ਕਰ ਕੇ ਰੱਖ ਦਿੱਤੀ। ਉਹਨਾਂ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ।

ਬਾਪੂ ਕਹਿੰਦਾ ਹੈ ਕਿ ਹੇ ਕੋਈ ਦੁਨੀਆਂ ਵਿਚ ਐਸਾ ਪਹਿਲਵਾਨ ਜਿਹੜਾ ਇਨ੍ਹਾਂ ਪੰਜਾਂ ਨੂੰ ਕਾਬੂ ਕਰ ਸਕੇ। ਹੁਣ "ਗੁਰੂ ਅਰਜਨ ਦੇਵ ਜੀ" ਤੋਂ ਬਿਨਾਂ ਇਨ੍ਹਾਂ ਪੰਜਾਂ ਨੂੰ ਕੌਣ ਕਾਬੂ ਕਰ ਸਕੇ। ਗੁਰੂ ਜੀ ਕਹਿੰਦੇ ਜਦੋਂ "ਗੁਰੂ ਅਮਰਦਾਸ ਜੀ" ਨੇ ਮੈਨੂੰ ਥਾਪੀ ਦੇ ਦਿੱਤੀ ਤਾਂ ਮੈਂ ਇਹੇ ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕੱਸ ਕੇ ਫੜ ਲਏ। ਫਿਰ ਮੇਰੇ ਅੱਗੇ ਅੱਖ ਚੁੱਕ ਕੇ ਵੀ ਨਹੀਂ ਵੇਖ ਸਕੇ। ਇਹ ਸਭ ਕ੍ਰਿਪਾ ਹੈ ਗੁਰੂ ਦੀ, ਗੁਰੂ ਦੀ ਬਾਣੀ ਦੀ। ਅਗਰ ਤੁਸੀਂ ਵੀ ਇਨ੍ਹਾਂ ਪੰਜਾਂ ਨੂੰ ਆਪਣੀ ਜ਼ਿੰਦਗੀ ਵਿਚੋਂ ਦੀ ਖ਼ਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵੀ

ਆਪਣੇ ਗੁਰੂ ਦੇ ਲੜ ਲਗਣਾ ਪਵੇਗਾ। ਕਿਉਂਕਿ ਗੁਰੂ ਦੀ ਸ਼ਰਨ ਤੋਂ ਬਿਨਾਂ ਇਨਸਾਨ ਨੂੰ ਆਪਣੀ ਜ਼ਿੰਦਗੀ ਵਿਚ ਕਦੇ ਵੀ ਸੱਚਾ ਸੁਖ ਪ੍ਰਾਪਤ ਨਹੀਂ ਹੋ ਸਕਦਾ। ਨਾ ਇਸ ਜਨਮ ਵਿਚ ਤੇ ਨਾ ਹੀ ਪਰਲੋਕ ਵਿਚ।

***

ਗੁਰੂ ਅਮਰਦਾਸ ਜੀ ਦੀ ਉਪਮਾ

ਸਿੱਖ-ਧਰਮ ਵਿਚ 'ਗੁਰਬਾਣੀ' ਨੂੰ ਗੁਰੂ ਮੰਨਿਆ ਗਿਆ ਹੈ। ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦੀ ਧੁਰੋਂ ਆਈ ਖਸਮ ਦੀ ਬਾਣੀ ਹੈ। ਭਾਵ ਕਿ ਇਸ ਵਿਚ ਸੱਚ ਦਾ ਗਿਆਨ ਸ਼ਾਮਿਲ ਹੈ। ਇਸ ਲਈ ਗੁਰਬਾਣੀ ਸਿੱਖਾਂ ਨੂੰ ਇਕ ਸੁਚੱਜੀ ਤੇ ਸਿਧਾਂਤਿਕ ਜੀਵਨ ਜਾਚ ਅਪਨਾਉਣ ਦੀ ਪ੍ਰੇਰਨਾ ਦਿੰਦੀ ਹੈ। ਜਿਸ ਉਤੇ ਸਿੱਖ ਨੇ ਅਮਲ ਕਰਕੇ ਵਿਚਾਰਾਂ ਤੋਂ ਖਲਾਸੀ ਪਾ ਕੇ, ਸਚਿਆਰ ਸਿੱਖ ਬਣਨਾ ਹੈ। ਗੁਰਬਾਣੀ ਦੇ ਨਿਯਮਾਂ ਤੇ ਹੀ ਅਮਲ ਕਰਨਾ ਅਸਲ ਵਿਚ ਗੁਰੂ ਦੇ ਦਰਸ਼ਨ ਕਰਨੇ ਹਨ। ਇਸੇ ਤਰ੍ਹਾਂ "ਗੁਰੂ ਗ੍ਰੰਥ ਸਾਹਿਬ ਜੀ" ਵਿਚ ਗੁਰੂ ਅਮਰਦਾਸ ਜੀ ਦੀ ਉਪਮਾ ਬਿਆਨ ਕਰਕੇ ਲੋਕਾਂ ਨੂੰ ਬਾਣੀ ਨਾਲ ਜੁੜਨ ਦਾ ਉਪਦੇਸ਼ ਕੀਤਾ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਅੰਗ ੧੩੯੬)

ਇਹਨਾਂ ਪੰਕਤੀਆਂ ਤੋਂ ਇਹ ਭਾਵ ਹੈ ਕਿ ਗੁਰੂ ਅਮਰਦਾਸ ਜੀ ਦੀ ਉਪਮਾ ਨਾ ਤੇ ਕੋਈ ਕਰ ਸਕਦਾ ਹੈ ਤੇ ਨਾ ਹੀ ਉਹਨਾਂ ਦੀ ਮਹਿਮਾ ਨੂੰ ਬਿਆਨ ਕਰ ਸਕਦਾ ਹੈ।

ਘਨਹਰ ਬੂੰਦ ਬਸੁਅ ਰੋਮਾਵਲਿ

'ਘਨਹਰ' ਕਹਿੰਦੇ ਨੇ ਬਾਰਿਸ਼ ਨੂੰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਲਿਖਿਆ ਗਿਆ ਹੈ ਕਿ ਜਿਸ ਵੇਲੇ ਬਾਰਿਸ਼ ਪੈਂਦੀ ਹੈ, ਇਸ ਬਾਰਿਸ਼ ਦੀਆਂ ਕਣੀਆਂ ਦੀ ਗਿਣਤੀ ਭਾਵੇਂ ਕੋਈ ਕਰ ਲਵੇ। ਪਰ ਜਿਹੜਾ ਮੀਂਹ ਪੈਂਦਾ ਹੈ, ਉਸ ਦੀਆਂ ਕਣੀਆਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ। ਪਰ ਫਿਰ ਵੀ ਅਗਰ ਕੋਈ ਬਾਰਿਸ਼ ਦੀਆਂ ਕਣੀਆਂ ਦੀ ਗਿਣਤੀ ਕਰ ਲਏ, ਲੇਕਿਨ 'ਧੰਨ ਗੁਰੂ ਅਮਰਦੇਵ' ਸੱਚੇ ਪਾਤਿਸ਼ਾਹ ਜੀ ਦੇ ਗੁਣ ਕੋਈ ਵੀ ਨਹੀਂ ਬਿਆਨ ਕਰ ਸਕਦਾ।

ਕੁਸਮ ਬਸੰਤ ਗਨੰਤ ਨ ਆਵੈ॥

ਇਸੇ ਤਰ੍ਹਾਂ ਬਸੰਤ ਦੀ ਰੁੱਤ ਵਿਚ ਕਿੰਨੇ ਫੁੱਲ ਖਿੜਦੇ ਹਨ, ਕੋਈ ਵੀ ਇਨ੍ਹਾਂ ਦੀ ਗਿਣਤੀ ਨਹੀਂ ਕਰ ਸਕਦਾ। ਔਰ ਅਗਰ ਇਸਦੀ ਗਿਣਤੀ ਕੋਈ ਕਰ ਹੀ ਲਵੇ, ਪਰ ਧੰਨ ਗੁਰੂ ਅਮਰਦੇਵ ਸੱਚੇ ਪਾਤਿਸ਼ਾਹ ਜੀ ਦੇ ਗੁਣ ਕੋਈ ਵੀ ਨਹੀਂ ਬਿਆਨ ਕਰ ਸਕਦਾ।

ਰਵਿ ਸਸਿ ਕਿਰਣਿ ਉਦਰੁ ਸਾਗਰ ਕੋ

'ਰਵਿ ਸਸਿ' ਤੋਂ ਭਾਵ ਹੈ ਚੰਦਰਮਾ ਤੇ ਸੂਰਜ। ਇਸ ਦੀਆਂ ਇੰਨੀਆਂ ਕੁ ਕਿਰਣਾਂ ਹਨ, ਕੋਈ ਬਿਆਨ ਨਹੀਂ ਕਰ ਸਕਦਾ। ਔਰ ਫਿਰ ਵੀ ਅਗਰ ਇਸ ਦੀ ਗਿਣਤੀ ਕੋਈ ਕਰ ਲਵੇ, ਪਰ ਗੁਰੂ ਅਮਰਦਾਸ ਪਾਤਿਸ਼ਾਹ ਜੀ ਚੰਦਰਮਾ ਤੇ ਸੂਰਜ ਦੀਆਂ ਕਿਰਣਾਂ ਤੋਂ ਵੀ ਵੱਧ ਚਮਕਦਾਰ ਹਨ। ਇਹਨਾਂ ਦੇ ਗੁਣਾਂ ਦੀ ਗਿਣਤੀ ਕੋਈ ਵੀ ਨਹੀਂ ਕਰ ਸਕਦਾ।

ਗੰਗ ਤਰੰਗ ਅੰਤੁ ਕੋ ਪਾਵੈ॥

ਇਹਨਾਂ ਪੰਕਤੀਆਂ ਤੋਂ ਇਹ ਭਾਵ ਹੈ ਕਿ ਸਮੁੰਦਰ ਵਿਚ ਰੋਜ਼ ਇੰਨੀਆਂ ਲਹਿਰਾਂ ਉਠਦੀਆਂ ਨੇ, ਇੰਨੀਆਂ ਤਰੰਗਾਂ ਉਠਦੀਆਂ ਨੇ, ਪਰ ਇਸ ਦੀ ਗਿਣਤੀ ਕੋਈ ਨਹੀਂ ਕਰ ਸਕਦਾ। ਪਰ ਫਿਰ ਵੀ ਅਗਰ ਕੋਈ ਕਰ ਲਵੇ, ਲੇਕਿਨ ਗੁਰੂ ਅਮਰਦਾਸ ਜੀ ਦੀ ਉਪਮਾ ਨੂੰ ਕੋਈ ਵੀ ਬਿਆਨ ਨਹੀਂ ਕਰ ਸਕਦਾ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ

ਇਸ ਤੋਂ ਭਾਵ ਹੈ ਕਿ ਆਪਣੇ ਸਤਿਗੁਰੂ ਨੂੰ ਪ੍ਰੇਮ ਦੇ ਨਾਲ, ਸ਼ਰਧਾ ਦੇ ਨਾਲ ਧਿਆਨ ਲਾ ਕੇ ਕਿੰਨੀ ਕੁ ਦੁਨੀਆਂ ਯਾਦ ਕਰਦੀ ਹੈ।

ਕਬਿ ਜਨ ਭਲ੍ ਉਨਹ ਜੁੋ ਗਾਵੈ॥

ਸੰਸਾਰ ਵਿਚ ਕਿੰਨੇ ਹੀ ਭਗਤ ਨੇ, ਸਾਧੂ ਨੇ, ਸੰਤ ਨੇ। ਇਹਨਾਂ ਦੀ ਵੀ ਗਿਣਤੀ ਨਹੀਂ ਹੋ ਸਕਦੀ। ਔਰ ਅਗਰ 'ਗੁਰੂ ਅਮਰਦਾਸ' ਸੱਚ ਪਾਤਿਸ਼ਾਹ ਜੀ ਦੀ ਗੱਲ ਕਰੀਏ, ਤਾਂ ਉਹਨਾਂ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ। ਇਕ-ਇਕ ਲਫਜ ਵਿਚ।

ਪਿਆਰੀ ਸਾਧ-ਸੰਗਤ ਜੀ ! ਬਾਰਿਸ਼ ਦੀਆਂ ਕਣੀਆਂ ਦੀ ਗਿਣਤੀ, ਬਸੰਤ ਰੁੱਤ ਵਿਚ ਫੁੱਲਾਂ ਦੀ ਗਿਣਤੀ, ਸੂਰਜ ਤੇ ਚੰਦਰਮਾ ਦੀਆਂ ਕਿਰਣਾਂ ਦੀ ਗਿਣਤੀ, ਸਾਗਰ ਵਿਚ ਉਠ ਰਹੀਆਂ ਤਰੰਗਾਂ ਦੀ ਗਿਣਤੀ ਭਾਵੇਂ ਤੇ ਕੋਈ ਕਰ ਲਵੇ। ਪਰ ਗੁਰੂ ਜੀ ਇਹੋ ਜਿਹੀ ਸੁੰਦਰ ਰੂਪ ਜੋਤ ਹਨ, ਜਿਨ੍ਹਾਂ ਦੀ ਉਪਮਾ ਨਾ ਤੇ ਅੱਜ ਤੱਕ ਕੋਈ ਬਿਆਨ ਕਰ ਸਕਿਆ ਹੈ ਤੇ ਨਾ ਹੀ ਕੋਈ ਕਰ ਸਕੇਗਾ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

ਗੁਰੂ ਜੀ ਦਾ ਇਤਿਹਾਸ ਬਹੁਤ ਵੱਡਾ ਹੈ, ਇਸ ਲਈ ਉਹਨਾਂ ਦੇ ਗੁਣਾਂ ਨੂੰ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਗਿ: ਮਾਨ ਸਿੰਘ ਜੀ ਝੌਰ ਦਸਦੇ ਹਨ ਕਿ ਇਕ "ਗੋਂਦਾ" ਨਾਮ ਦਾ ਸਿੱਖ 'ਖਡੂਰ ਸਾਹਿਬ' ਗੁਰੂ ਅੰਗਦ ਦੇਵ ਪਾਤਿਸ਼ਾਹ ਕੋਲ ਆਇਆ ਤੇ ਕਹਿਣ ਲੱਗਾ, ਪਾਤਿਸ਼ਾਹ ! ਮੇਰੀ ਬੜੀ ਜ਼ਮੀਨ ਹੈ, ਪਰ ਨਾ ਹੀ ਉਹਦੇ ਤੇ ਪੈਸਾ ਕਮਾਇਆ ਜਾ ਸਕਦਾ ਹੈ ਤੇ ਨਾ ਹੀ ਉਸ ਉਤੇ ਖੇਤੀ ਕੀਤੀ ਜਾ ਸਕਦੀ ਹੈ। ਇਹ ਸਭ ਸੁਣ ਕੇ ਸਤਿਗੁਰਾਂ ਨੇ ਪੁੱਛਿਆ ਕਿ ਤੂੰ ਇਹ ਜ਼ਮੀਨ ਕਿਥੋਂ ਪ੍ਰਾਪਤ ਕੀਤੀ ਸੀ। ਕਹਿਣ ਲੱਗਾ ਕਿ ਆਪਣੇ ਸਾਕ-ਸਬੰਧੀਆਂ ਤੇ ਰਿਸ਼ਤੇਦਾਰਾਂ ਤੇ ਮੁਕੱਦਮੇ ਚਲਾ-ਚਲਾ ਕੇ ਇਹ ਸਾਰੀ ਦੀ ਸਾਰੀ ਜ਼ਮੀਨ ਪ੍ਰਾਪਤ ਕੀਤੀ ਹੈ। ਪਰ ਅੱਜ ਤੱਕ ਇਸ ਵਿਚ ਬਰਕਤ ਨਹੀਂ ਪੈ ਰਹੀ। ਪਾਤਿਸ਼ਾਹ ਜੀ ਕਹਿਣ ਲੱਗੇ ਕਿ ਫਿਰ ਤੂੰ ਕੀ ਚਾਹੁੰਦਾ ਹੈਂ ? ਕਹਿਣ ਲੱਗਾ ਕਿ ਇਹ ਜਿੰਨੀ ਵੀ ਜ਼ਮੀਨ ਹੈ, ਅੱਧੀ ਤੁਸੀਂ ਲੈ ਲਵੋ ਤੇ ਬਾਕੀ ਦੀ ਜਿਹੜੀ ਜ਼ਮੀਨ ਹੈ ਉਹ ਮੈਨੂੰ ਮਿਲ ਜਾਵੇ। ਤਾਂਕਿ ਇਸ ਵਿਚ ਬਰਕਤ ਪੈ ਸਕੇ। ਇਸ ਦਾ ਜਵਾਬ "ਗੁਰੂ ਅੰਗਦ ਦੇਵ ਪਾਤਿਸ਼ਾਹ ਜੀ' ਨੇ ਉਸ ਨੂੰ ਇਹ ਦਿੱਤਾ ਕਿ-

ਨਾ ਕੋ ਬੈਰੀ ਨਹੀ ਬਿਗਾਨਾ

(ਅੰਗ ੧੨੯੯)

ਭਾਵ ਕਿ ਭਾਈ ਗੋਂਦਾ ਨੂੰ ਗੁਰੂ ਜੀ ਇਹ ਸਮਝਾਉਣ ਲੱਗੇ ਕਿ ਜਿਹੜੇ-ਜਿਹੜੇ ਰਿਸ਼ਤੇਦਾਰ ਤੇ ਤੂੰ ਗਲਤ ਮੁਕੱਦਮੇ ਚਲਾਏ ਨੇ, ਜਦੋਂ ਅਸੀਂ ਉਥੇ ਨਗਰ ਵਸਾਵਾਂਗੇ ਤਾਂ ਤੂੰ ਸਾਰਿਆਂ ਨੂੰ ਉਥੇ ਮਕਾਨ ਲੈ ਕੇ ਦੇਵੇਂਗਾ। ਸੋ ਅਗਰ ਤੈਨੂੰ ਸਾਡੀ ਇਹ ਸ਼ਰਤ ਮਨਜ਼ੂਰ ਹੈ ਤਾਂ ਅਸੀਂ ਤੇਰੀ ਗੱਲ ਮੰਨਾਂਗੇ। ਇਸ ਤੋਂ ਭਾਵ ਇਹ ਹੈ ਕਿ ਭਾਈ ਗੋਂਦਾ ਦੇ ਅੰਦਰ ਵੈਰ-ਵਿਰੋਧ ਦੀ ਭਾਵਨਾ ਖ਼ਤਮ ਕਰਨ ਦੀ ਲਗਨ ਹੈ।

ਇਸ ਤੋਂ ਗੁਰੂ ਜੀ ਇਹੋ ਸੰਦੇਸ਼ ਦੇਣਾ ਚਾਹੁੰਦੇ ਨੇ ਲੋਕਾਂ ਨੂੰ ਕਿ ਗੁਰੂ ਘਰ ਵਰਗਾ ਇਤਿਹਾਸ ਕਿਤੇ ਵੀ ਲਭ ਨਹੀਂ ਸਕਦਾ ਤੇ ਨਾ ਹੀ ਲੱਭੇਗਾ। ਜੇਕਰ ਸਤਿਗੁਰੂ ਕੋਲ ਕੋਈ ਵੀ ਸਿੱਖ ਵੈਰ ਵਿਰੋਧ ਦੀ ਭਾਵਨਾ ਲੈ ਕੇ ਆਉਂਦਾ ਏ ਤਾਂ ਪਹਿਲਾਂ ਗੁਰੂ ਜੀ ਉਸ ਦੇ ਅੰਦਰੋਂ ਮੈਲ ਕੱਢਦੇ ਨੇ ਤੇ ਫਿਰ ਅਗਾਂਹ ਤੋਰਦੇ ਨੇ। ਕਿਉਂਕਿ ਇਨਸਾਨ ਦੇ ਅੰਦਰੋਂ ਮੈਲ ਕੱਢਣ ਤੋਂ ਬਿਨਾਂ ਗੱਲ ਹੀ ਨਹੀਂ ਬਣਦੀ।

ਸੋ ਸਾਧ-ਸੰਗਤ ਜੀ ! ਭਾਈ ਗੋਂਦੇ ਨੇ ਗੁਰੂ ਜੀ ਦੀ ਸ਼ਰਤ ਮਨਜ਼ੂਰ ਕਰ ਲਈ। ਫਿਰ ਗੁਰੂ ਜੀ ਨੇ ਆਪਣੇ ਪੁੱਤਰ ਦਾਤੂ ਜੀ ਨੂੰ ਕਿਹਾ, ਬਈ। ਜਾਓ ਉਥੇ ਭੂਤਾਂ, ਪ੍ਰੇਤਾਂ ਅਤੇ ਬੜੇ

ਬੜੇ ਭਿਆਨਕ ਡੈਣਾਂ ਕਾ ਵਾਸਾ ਹੈ। ਸੋ ਸਾਡਾ ਹੁਕਮ ਮੰਨ ਕੇ ਜਾਓ, ਉਹਨਾਂ ਨੂੰ ਬਹਾਰ ਕੱਢ ਕੇ ਉਥੇ ਨਗਰ ਵਸਾਉ। ਪਰ ਭਾਈ ਦਾਤੂ ਜੀ ਨੇ ਕਿਹਾ ਕਿ ਮੈਨੂੰ ਉਥੇ ਜਾਣ ਦੀ ਕੀ ਲੋੜ ਹੈ। ਮੈਂ ਤਾਂ ਇਥੇ ਖਡੂਰ ਸਾਹਿਬ ਵਿਚ ਹੀ ਬੜਾ ਸੌਖਾ ਬੈਠਾ ਹਾਂ। ਉਸ ਨੇ ਇਹ ਸਭ ਇਸ ਲਈ ਕਿਹਾ, ਕਿਉਂਕਿ ਉਸ ਦੇ ਅੰਦਰ 'ਗੁਰੂ ਦਾ ਰੰਗ' ਨਹੀਂ ਸੀ। ਭਾਵ ਕਿ ਸੱਚੀ ਲਗਨ ਨਹੀਂ ਸੀ। ਫਿਰ ਉਹਨਾਂ ਭਾਈ ਦਾਸੂ ਜੀ ਨੂੰ ਕਿਹਾ ਤੇ ਉਹਨਾਂ ਨੇ ਵੀ ਇਹੋ ਜਵਾਬ ਦਿੱਤਾ। ਫਿਰ ਗੁਰੂ ਅੰਗਦ ਦੇਵ ਪਾਤਿਸ਼ਾਹ ਜੀ ਨੇ 'ਗੁਰੂ ਅਮਰਦਾਸ ਜੀ' ਨੂੰ ਕਿਹਾ ਕਿ ਹੁਣ ਤੁਸੀਂ ਜਾਓ। ਉਥੇ ਜਾ ਕੇ ਨਗਰ ਵਸਾਉ ਤੇ ਉਥੇ ਜਿਤਨੇ ਵੀ ਭੂਤ-ਪ੍ਰੇਤ ਨੇ ਉਹਨਾਂ ਨੂੰ ਬਾਹਰ ਕੱਢੋ। ਗੁਰੂ ਜੀ ਉਸ ਵੇਲੇ ਹੱਥ ਬੰਨ੍ਹ ਕੇ ਖੜੇ ਹੋ ਗਏ ਤੇ ਕਹਿਣ ਲੱਗੇ ਕਿ ਮੈਂ ਤਾਂ ਤੁਹਾਡਾ ਹੁਕਮ ਹਰ ਪੱਲ ਮੰਨਣ ਲਈ ਤਿਆਰ ਹਾਂ, ਪਰ ਕ੍ਰਿਪਾ ਤੁਸੀਂ ਆਪ ਕਰਿਓ, ਕਿਉਂਕਿ ਮੈਂ ਤਾਂ ਕਿਸੇ ਵੀ ਯੋਗ ਨਹੀਂ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਤਿਗੁਰੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਇਕ ਸੋਟੀ ਦਿੱਤੀ ਤੇ ਕਿਹਾ ਤੁਸੀਂ ਇਹ ਸੋਟੀ ਜਿਥੇ ਜਿਥੇ ਵੀ ਹਿਲਾਓਗੇ, ਉਥੇ ਹੀ ਕਿਸੇ ਭੂਤ-ਪ੍ਰੇਤ ਦਾ ਵਾਸਾ ਨਹੀਂ ਰਹੇਗਾ। ਇਹ ਸਭ ਕੁਝ ਕਰਨਾ ਤੇ ਗੁਰੂ ਨੇ ਆਪ ਹੀ ਹੁੰਦਾ ਹੈ, ਪਰ ਗੁਰੂ ਨੇ ਕਰਵਾਉਣਾ ਕਿਸੇ ਦੇ ਹਥੋਂ ਹੀ ਹੁੰਦਾ ਹੈ। ਲੇਕਿਨ ਭਾਈ ਦਾਸੂ ਜੀ ਤੇ ਦਾਤੂ ਜੀ ਇਹ ਗੱਲ ਸਮਝ ਨਾ ਸਕੇ ਕਿ ਇਹ ਤਾਂ ਗੁਰੂ ਦੀ ਮਹਿਮਾ ਹੈ। ਉਹ ਤਾਂ ਸਿਰਫ ਆਪਣੇ ਬੱਚਿਆਂ ਦਾ ਇਮਤਿਹਾਨ ਲੈਂਦੇ ਨੇ। ਫਿਰ ਗੁਰੂ ਅਮਰਦਾਸ ਜੀ ਨੇ ਉਹ ਸੋਟੀ ਲਈ ਤੇ ਨਾਲ ਗੋਂਦੇ ਨੂੰ ਲੈ ਕੇ ਉਸ ਨਗਰ ਵਿਚ ਚਲੇ ਗਏ, ਜਿਥੇ ਉਹ ਆਪ ਰਹਿੰਦਾ ਸੀ। ਫਿਰ ਗੁਰੂ ਅਮਰਦਾਸ ਜੀ ਨੇ ਸਤਿਗੁਰਾਂ ਦੇ ਕਹੇ ਅਨੁਸਾਰ ਜਿਥੇ ਜਿਥੇ ਵੀ ਸੋਟੀ ਹਿਲਾਈ, ਉਥੋਂ ਸਾਰੇ ਭੂਤ-ਪ੍ਰੇਤ ਨਿਕਲੀ ਜਾ ਰਹੇ ਸਨ। ਇਹ ਹੈ ਗੁਰੂ ਦੀ ਬਖ਼ਸ਼ਿਸ਼ ਤੇ ਉਸਦੀ ਰਹਿਮਤ। ਭਾਵ ਕਿ ਗੁਰੂ ਦੀ ਕੋਈ ਵੀ ਚੀਜ਼ ਕਿਸੇ ਵੀ ਇਨਸਾਨ ਜਾਂ ਹੋਰ ਕਿਸੇ ਵੀ ਵਸਤੂ ਦੇ ਲੱਗ ਜਾਏ ਤਾਂ ਉਹ ਅਪਵਿੱਤਰ ਚੀਜ਼ ਵੀ ਪਵਿੱਤਰ ਹੋ ਜਾਂਦੀ ਹੈ।

ਤੁਸੀਂ ਇਹ ਇਤਿਹਾਸ ਵਿਚ ਵੀ ਸੁਣਿਆ ਹੋਵੇਗਾ। ਭਾਈ ਗੋਂਦੇ ਦੇ ਨਾਮ ਤੋਂ ਹੀ ਗੋਇੰਦਵਾਲ ਸਾਹਿਬ ਦਾ ਨਾਮ ਪਿਆ। ਪਹਿਲਾਂ ਇਸ ਦਾ ਨਾਮ ਸੀ ਗੋਂਦਵਾਲ, ਫਿਰ ਇਸ ਦਾ ਹੀ ਗੋਇੰਦਵਾਲ ਬਣ ਗਿਆ।

ਗਿ: ਮਾਨ ਸਿੰਘ ਜੀ ਝੌਰ ਦਸਦੇ ਹਨ ਕਿ ਜ਼ਿਕਰ ਨਾਲ ਇਹ ਵੀ ਆਇਆ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਕਿਸੇ ਨਗਰੈ ਵਿਚੋਂ ਦੀ ਲੰਘ ਰਹੇ ਨੇ ਤੇ ਪੰਦਰਾਂ-ਵੀਹ ਸੇਵਕ ਉਹਨਾਂ ਦੇ ਪਿਛੇ ਆ ਰਹੇ ਨੇ। ਅਚਾਨਕ ਰਸਤੇ ਵਿਚ ਕੀ ਹੋਇਆ ਕਿ ਗੁਰੂ ਅਮਰਦਾਸ ਜੀ

ਪਾਤਿਸ਼ਾਹ ਜੀ ਦਾ ਪੈਰ ਇਕ ਹੱਡੀ ਉਤੇ ਆ ਗਿਆ। ਪੈਰ ਹੱਡੀ ਉਤੇ ਆਉਣ ਦੀ ਹੀ ਦੇਰ ਸੀ ਕਿ ਉਥੋਂ ਦੀ ਇਕ ਰੂਹ ਪ੍ਰਗਟ ਹੋ ਕੇ ਸਾਹਮਣੇ ਆ ਗਈ। ਇਹ ਵੇਖ ਕੇ ਸਾਰੇ ਸਿੱਖ ਹੈਰਾਨ ਹੋ ਗਏ ਕਿ ਇਹ ਕੀ ਹੋ ਗਿਆ ? ਪਰ ਉਹ ਰੂਹ ਗੁਰੂ ਜੀ ਨੂੰ ਕਹਿਣ ਲੱਗੀ ਕਿ ਮੈਂ ਇਥੇ ਕਈ ਹਜ਼ਾਰਾਂ ਸਾਲਾਂ ਤੋਂ ਇਹ ਭੂਤਾਂ ਤੇ ਪ੍ਰੇਤਾਂ ਦੀ ਜੂਨ ਵਿਚ ਫਿਰ ਰਹੀ ਸੀ। ਪਰ ਗੁਰੂ ਜੀ ਨੇ ਉਸ ਦਾ ਕਲਿਆਣ ਵੀ ਕਰ ਦਿੱਤਾ। ਜਿਸ ਜਗ੍ਹਾ ਤੇ ਗੁਰੂ ਜੀ ਨੇ ਉਸ ਦਾ ਕਲਿਆਣ ਕੀਤਾ ਸੀ, ਉਹ ਜਗ੍ਹਾ ਗੋਇੰਦਵਾਲ ਵਿਚ ਵੀ ਹੈ।

ਤੇਰੀ ਉਪਮਾ ਤੋਹਿ ਬਨਿ ਆਵੈ॥

ਤੇਰੀ ਉਪਮਾ ਤੋਹਿ ਬਨਿ ਆਵੈ॥

ਫਿਰ ਗੋਇੰਦਵਾਲ ਸ਼ਹਿਰ ਵੱਸ ਗਿਆ ਤੇ ਉਥੇ ਬਾਊਲੀ ਸਾਹਿਬ ਵੀ ਬਣ ਗਈ। ਪਰ ਹਰ ਇਕ ਮਨੁੱਖ ਦੀ ਸ਼ਰਧਾ ਆਪੋ ਆਪਣੀ ਹੁੰਦੀ ਹੈ। ਕਈ ਸਿੱਖ ਤਾਂ ਆਪਣਾ ਧਰਮ ਛੱਡ ਕੇ ਪੀਰਾਂ-ਫ਼ਕੀਰਾਂ ਦੇ ਹੀ ਡੇਰਿਆਂ ਤੇ ਘੁੰਮਦੇ ਰਹਿੰਦੇ ਹਨ, ਤਾਂਕਿ ਉਹਨਾਂ ਦੀ ਜੋ ਮੰਗ ਹੈ ਉਹ ਪੂਰੀ ਹੋ ਸਕੇ। ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਹ ਪੀਰ ਫ਼ਕੀਰ, ਸੰਤ-ਸਾਧੂ ਸਭ ਗੁਰੂ ਦੀ ਹੀ ਬਾਣੀ ਦਾ ਦਰਵਾਜ਼ਾ ਖੜਕਾਉਂਦੇ ਹਨ। ਕਿਉਂਕਿ ਸਭ ਦੁਖਾਂ ਦਾ ਹੱਲ ਗੁਰੂ ਨੇ ਹੀ ਹੱਲ ਕਰਨਾ ਹੈ। ਉਹ ਭਾਵੇਂ ਜਿੰਨੇ ਮਰਜ਼ੀ ਦਰ ਭਟਕਦੇ-ਫਿਰਦੇ ਰਹਿਣ। ਆਖ਼ਿਰ ਵਿਚ ਉਹਨਾਂ ਨੂੰ ਇਹੋ ਦਰ ਤੇ ਹੀ ਆਉਣਾ ਪੈਂਦਾ ਹੈ।

ਇਸੇ ਤਰ੍ਹਾਂ ਦਾ ਹੀ ਚਮਤਕਾਰ ਇਕ ਹੋਰ ਸਿੱਖ ਨਾਲ ਵਾਪਰਿਆ ਗੋਇੰਦਵਾਲ ਸਾਹਿਬ ਦੀ ਧਰਤੀ ਤੇ। ਉਸ ਸਿੱਖ ਨੂੰ ਸਤਿਗੁਰਾਂ ਉਤੇ ਪੂਰਨ ਸ਼ਰਧਾ ਨਹੀਂ ਸੀ। ਉਸ ਨੂੰ ਕੋਈ ਬੀਮਾਰੀ ਵੀ ਲੱਗੀ ਹੋਈ ਸੀ। ਇਕ ਦਿਨ ਗੰਗਾ ਉਤੇ ਸਾਧੂਆਂ ਦੀ ਮੰਡਲੀ ਇਸ਼ਨਾਨ ਕਰਨ ਵਾਸਤੇ ਚੱਲੀ ਗਈ। ਔਰ ਕਿਸੇ ਨੇ ਉਸ ਨੂੰ ਕਿਹਾ ਸੀ ਕਿ ਤੂੰ ਰੋਜ਼ ਗੰਗਾ ਦਾ ਜਲ ਅੰਮ੍ਰਿਤ ਸਮਝ ਕੇ ਪੀਆ ਕਰ। ਫਿਰ ਤੇਰੀ ਇਹ ਬੀਮਾਰੀ ਠੀਕ ਹੋ ਜਾਏਗੀ। ਔਰ ਜਦੋਂ ਉਹ ਸਾਧੂ ਉਥੇ ਪਹੁੰਚੇ ਤਾਂ ਉਸ ਸਿੱਖ ਨੇ ਉਹਨਾਂ ਦੀ ਮੰਡਲੀ ਵਿਚੋਂ ਇਕ ਸਾਧੂ ਨੂੰ ਕਿਹਾ ਕਿ ਮੇਰੀ ਇਹ ਗੜਵੀ ਲੈ ਜਾਉ ਤੇ ਜਦੋਂ ਗੰਗਾ ਤੋਂ ਇਸ਼ਨਾਨ ਕਰਕੇ ਵਾਪਿਸ ਆਉਗੇ ਤਾਂ ਇਹ ਜਲ ਨਾਲ ਮੇਰੇ ਵਾਸਤੇ ਭਰ ਕੇ ਲੈ ਆਉਣਾ। ਕਿਉਂਕਿ ਮੈਨੂੰ ਕਿਸੇ ਨੇ ਕਿਹਾ ਸੀ ਕਿ ਅਗਰ ਤੂੰ ਇਸ ਨੂੰ ਰੋਜ਼ ਅੰਮ੍ਰਿਤ ਸਮਝ ਕੇ ਪੀਵੇਂਗਾ ਤਾਂ ਤੇਰੀ ਇਹ ਬੀਮਾਰੀ ਠੀਕ ਹੋ ਜਾਏਗੀ। ਫਿਰ ਉਸ ਸਿੱਖ ਨੇ ਇਕ ਗੜਵੀ ਸਾਧੂਆਂ ਦੀ ਮੰਡਲੀ ਨੂੰ ਦੇ ਦਿੱਤੀ ਪਰ ਹੋਇਆ ਇਹ ਕਿ ਜਿਸ ਵੇਲੇ ਸਾਧੂਆਂ ਦੀ ਮੰਡਲੀ ਗੰਗਾ ਤੇ ਇਸ਼ਨਾਨ ਕਰਨ ਵਾਸਤੇ ਗਈ ਤਾਂ ਇਸ਼ਨਾਨ ਕਰਨ ਤੋਂ

ਬਾਅਦ ਉਹਨਾਂ ਨੇ ਉਸ ਸਿੱਖ ਦੀ ਗੜਵੀ ਕੱਢੀ ਗੰਗਾ ਦਾ ਜਲ ਭਰਨ ਵਾਸਤੇ। ਪਰ ਕੌਤਕ ਇਹ ਵਰਤਿਆ ਕਿ ਜਿਸ ਵੇਲੇ ਜਲ ਭਰਨ ਲੱਗੇ ਸੀ, ਉਹ ਗੜਵੀ ਉਸੇ ਹੀ ਪਾਣੀ ਵਿਚ ਡੁੱਬ ਗਈ। ਫਿਰ ਉਹ ਸਾਰੇ ਸਾਧੂ ਵਾਪਿਸ ਆ ਗਏ ਤੇ ਸਿੱਖ ਵੇਖ ਕੇ ਉਹਨਾਂ ਨੂੰ ਪੁੱਛਣ ਲੱਗਾ ਕਿ ਜਿਹੜੀ ਗੜਵੀ ਮੈਂ ਤੁਹਾਨੂੰ ਜਲ ਨਾਲ ਭਰ ਕੇ ਲਿਆਉਣ ਲਈ ਕਹੀ ਸੀ, ਤੁਸੀਂ ਉਹ ਲੈ ਕੇ ਆਏ ਹੋ ? ਉਹਨਾਂ ਸਾਧੂਆਂ ਨੇ ਕਿਹਾ "ਪਿਆਰਿਆ" ਤੇਰੀ ਗੜਵੀ ਵਿਚ ਅਸੀਂ ਜਲ ਲੈਣ ਲੱਗੇ ਸੀ, ਪਰ ਜਿਸ ਵੇਲੇ ਹੀ ਉਹ ਗੜਵੀ ਗੰਗਾ ਦੇ ਜਲ ਵਿਚ ਪਾਈ ਉਹ ਗੜਵੀ ਉਸੇ ਹੀ ਜਲ ਵਿਚ ਡੁੱਬ ਗਈ। ਇਸ ਕਰਕੇ ਤੇਰਾ ਗੰਗਾ ਜਲ ਨਹੀਂ ਆ ਸਕਿਆ। ਇਹ ਸਭ ਸੁਣ ਕੇ ਸਿੱਖ ਨੂੰ ਗੁੱਸਾ ਆ ਗਿਆ। ਕ੍ਰੋਧ ਵਿਚ ਆ ਕੇ ਉਚੀ ਉਚੀ ਬੋਲਣ ਲੱਗ ਪਿਆ, ਕਿਉਂਕਿ ਉਹ ਸਾਧੂ ਥੋੜੇ ਜਿਹੇ ਉਸ ਦੇ ਮਿੱਤਰ ਸਨ। ਜਿਵੇਂ ਸਾਡਾ ਵੀ ਕੋਈ ਮਿੱਤਰ ਸਾਡਾ ਕੰਮ ਨਾ ਕਰੇ ਤੇ ਅਸੀਂ ਵੀ ਉਸ ਤੇ ਪਿਆਰ ਵਾਲਾ ਗੁੱਸਾ ਕੱਢਦੇ ਹੀ ਹਾਂ ਨਾ ਤੇ ਉਸੇ ਤਰ੍ਹਾਂ ਹੀ ਉਸ ਸਿੱਖ ਨੇ ਉਹਨਾਂ ਸਾਧੂਆਂ ਤੇ ਆਪਣਾ ਗੁੱਸਾ ਕੱਢਿਆ। ਉਹਨਾਂ ਦੇ ਲਾਗੇ ਹੀ ਗੁਰੂ ਅਮਰਦਾਸ ਜੀ ਵੀ ਬੈਠੇ ਹੋਏ ਸਨ।

ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਜਿਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਵੱਸ ਰਹੇ ਲੋਕਾਂ ਦਾ ਬੇੜਾ ਪਾਰ ਕੀਤਾ। ਉਸੇ ਹੀ ਤਰ੍ਹਾਂ ਇਸ ਸਿੱਖ ਨੂੰ ਵੀ ਗੁਰੂ ਤੇ ਵਿਸ਼ਵਾਸ ਕਰਨਾ ਸਿਖਾਇਆ ਤੇ ਉਸਦੀ ਬੀਮਾਰੀ ਵੀ ਦੂਰ ਕੀਤੀ। ਜਿਸ ਵੇਲੇ ਉਸ ਸਿੱਖ ਦੀ ਗੱਲ ਗੁਰੂ ਜੀ ਕੋਲ ਪਹੁੰਚੀ ਤਾਂ ਗੁਰੂ ਜੀ ਉਸ ਸਿੱਖ ਨੂੰ ਪੁੱਛਣ ਲੱਗੇ ਕਿ ਹੁਣ ਤੂੰ ਕੀ ਚਾਹੁੰਦਾ ਹੈਂ ? ਕਹਿਣ ਲੱਗਾ ਕਿ ਮੇਰੀ ਇਹ ਬੀਮਾਰੀ ਗੰਗਾ ਦੇ ਜਲ ਨਾਲ ਦੂਰ ਹੋਣੀ ਸੀ ਤੇ ਮੈਂ ਇਹਨਾਂ ਨੂੰ ਆਪਣੀ ਗੜਵੀ ਦਿੱਤੀ ਸੀ, ਪਰ ਇਹ ਤਾਂ ਉਹ ਗੜਵੀ ਗੰਗਾ ਦੇ ਜਲ ਵਿਚ ਹੀ ਡੋਬ ਆਏ ਹਨ। ਮੇਰੀ ਉਹ ਗੜਵੀ ਵੀ ਬੜੀ ਕੀਮਤੀ ਸੀ ਤੇ ਹੈ ਵੀ ਚਾਂਦੀ ਦੀ ਸੀ। ਇਕ ਤੇ ਗੜਵੀ ਵੀ ਡੁੱਬ ਗਈ ਤੇ ਗੰਗਾ ਦਾ ਜਲ ਵੀ ਮੈਨੂੰ ਨਹੀਂ ਪ੍ਰਾਪਤ ਹੋਇਆ। ਇਸ ਕਰਕੇ ਮੈਂ ਬਹੁਤ ਦੁਖੀ ਹਾਂ। ਉਸ ਦੀ ਗੱਲ-ਬਾਤ ਸੁਣਨ ਤੋਂ ਬਾਅਦ ਗੁਰੂ ਜੀ ਉਸ ਨੂੰ ਕਹਿਣ ਲੱਗ ਕਿ ਇਹ ਜਿਹੜੀ 'ਬਾਉਲੀ ਸਾਹਿਬ' ਹੈ, ਤੂੰ ਇਸ ਦੇ ਅੰਦਰ ਚਲਾ ਜਾ ਤੇ ਅੰਦਰ ਜਾ ਕੇ ਇਸ ਵਿਚ ਹੱਥ ਮਾਰੀਂ। ਫਿਰ ਸਾਨੂੰ ਬਾਹਰ ਆ ਕੇ ਦੱਸੀਂ ਕਿ ਤੇਰੇ ਨਾਲ ਕੀ ਵਾਪਰਿਆ ?

ਗਿਆਨੀ ਜੀ ਦਸਦੇ ਹਨ ਕਿ ਇਤਿਹਾਸ ਲਿਖਦਾ ਹੈ ਕਿ ਜਿਸ ਸਿੱਖ ਨੂੰ 'ਗੁਰੂ' ਤੇ ਸ਼ਰਧਾ ਨਹੀਂ ਸੀ। ਜਦੋਂ ਗੁਰੂ ਘਰ ਵਿਚ ਬਾਉਲੀ ਸਾਹਿਬ ਤੇ ਗਿਆ ਔਰ ਉਥੇ ਜਾ ਕੇ ਜਦੋਂ

ਇਸ਼ਨਾਨ ਕੀਤਾ ਤੇ ਥੱਲੇ ਹੱਥ ਮਾਰਿਆ ਤਾਂ ਉਹੀਓ ਗੱੜਵੀ ਜਿਹੜੀ ਗੰਗਾ ਦੇ ਵਿਚ ਡੁੱਬੀ ਸੀ। ਉਹੀ ਬਉਲੀ ਸਾਹਿਬ ਦੇ ਅੰਦਰੋਂ ਲੱਭ ਪਈ।

ਪਿਆਰੀ ਸਾਧ-ਸੰਗਤ ਜੀ ! ਜਦੋਂ ਗੁਰੂ ਦੀ ਕ੍ਰਿਪਾ ਹੁੰਦੀ ਹੈ ਤਾਂ ਜਿਹੜੇ ਨਹੀਂ ਵੀ ਵਿਸ਼ਵਾਸ ਕਰਦੇ ਗੁਰੂ ਤੇ, ਉਹਨਾਂ ਦਾ ਵੀ ਵਿਸ਼ਵਾਸ ਗੁਰੂ ਦੇ ਉਪਰ ਹੋ ਜਾਂਦਾ ਹੈ। ਇਹੋ ਸਭ ਕੁਝ ਉਸ ਸਿੱਖ ਦੇ ਨਾਲ ਹੋਇਆ। ਉਹ ਜਿਸ ਵੇਲੇ ਬਾਹਰ ਆਇਆ ਤਾਂ ਆਉਂਦਿਆਂ ਹੀ ਗੁਰੂ ਦੇ ਚਰਨਾਂ ਤੇ ਢਹਿ ਪਿਆ ਤੇ ਕਹਿਣ ਲੱਗਾ "ਪਾਤਿਸ਼ਾਹ"! ਮੈਨੂੰ ਇਸ ਤੀਰਥ ਤੇ ਸ਼ਰਧਾ ਨਹੀਂ ਸੀ ਬੱਝ ਰਹੀ। ਮੈਂ ਸਮਝਦਾ ਸੀ ਤੁਸੀਂ ਇਹ ਤੀਰਥ ਐਵੇਂ ਹੀ ਵਸਾਇਆ ਹੈ। ਪਰ ਮੈਨੂੰ ਇਸ ਦੀ ਮਹਾਨਤਾ ਦਾ ਅੱਜ ਪਤਾ ਲੱਗਾ ਹੈ। ਇਹ ਗੰਗਾ ਵੀ ਇਸ ਤੀਰਥ ਦੇ ਵਾਸਤੇ ਚਰਨ ਪਰਸਨ ਆਉਂਦੀ ਹੈ। ਜਿਹੜੀ ਗੱੜਵੀ ਗੰਗਾ ਵਿਚ ਡੁੱਬੀ ਸੀ, ਉਹ ਮੈਨੂੰ ਇਥੋਂ ਆ ਕੇ ਲੱਭੀ ਹੈ। ਕਿਉਂਕਿ ਗੰਗਾ ਵੀ ਇਹੋ ਜਿਹੇ ਤੀਰਥਾਂ ਦੇ ਕਦਮ ਚੁੰਮਦੀ ਹੈ, ਜਿਹੜੇ ਤੀਰਥ 'ਗੁਰੂ ਅਮਰਦਾਸ ਜੀ' ਪਾਤਿਸ਼ਾਹ ਨੇ ਵਸਾਏ ਨੇ। ਸੋ ਇਕ ਵਾਰੀ ਪਿਆਰ ਨਾਲ ਬੋਲੋ....

ਤੇਰੀ ਉਪਮਾ ਤੋਹਿ ਬਨਿ ਆਵੈ॥

ਤੇਰੀ ਉਪਮਾ ਤੋਹਿ ਬਨਿ ਆਵੈ॥

ਸੋ ਕਹਿਣ ਤੋਂ ਇਹੀ ਭਾਵ ਹੈ ਕਿ ਗੁਰੂ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਉਹਨਾਂ ਦੀ ਬਾਣੀ ਇੰਨੀ ਕੁ ਅਮੋਲਕ ਹੈ ਕਿ ਦੁਨੀਆਂ ਦੇ ਸਾਰੇ ਪਦਾਰਥ ਬੇਸ਼ੁਮਾਰ ਕੀਮਤੀ ਦੌਲਤ ਵੀ ਇਨ੍ਹਾਂ ਸਾਹਮਣੇ ਫਿੱਕੀ ਲੱਗਦੀ ਹੈ। ਇਸ ਲਈ ਗੁਰ ਸੰਗਤ ਜੀ ! ਆਪਣੇ ਆਪ ਨੂੰ ਗੁਰੂ ਦੇ ਚਰਨਾਂ ਤੇ ਅਰਪਨ ਕਰ ਦੇਵੋ, ਤਾਂ ਹੀ ਤੁਹਾਡੀਆਂ ਸਭ ਆਸਾਂ ਪੂਰੀਆਂ ਹੋ ਸਕਦੀਆਂ ਹਨ। ਕਿਉਂਕਿ ਇਸ ਜਗ੍ਹਾ ਤੋਂ ਇਲਾਵਾ ਹੋਰ ਦੁਨੀਆਂ ਦੀ ਕੋਈ ਜਗ੍ਹਾ ਤੋਂ ਵੀ ਤੁਹਾਡੀਆਂ ਆਸਾਂ ਪੂਰੀਆਂ ਨਹੀਂ ਹੋ ਸਕਦੀਆਂ। ਕਿਉਂਕਿ ਦੁਨੀਆਂ ਦੇ ਬਾਕੀ ਤੀਰਥ ਵੀ ਗੁਰੂ ਅਮਰਦਾਸ ਜੀ ਅੱਗੇ ਹੀ ਸਿਰ ਝੁਕਾਉਂਦੇ ਹਨ।

ਇਕ ਹੋਰ ਜ਼ਿਕਰ ਆਉਂਦਾ ਹੈ "ਗੁਰੂ ਗ੍ਰੰਥ ਸਾਹਿਬ ਜੀ" ਵਿਚ ਇਕ 'ਖੇਡਾ' ਨਾਮ ਦਾ ਭਗਤ ਸੀ। ਔਰ ਜਿਹੜਾ ਕੋਈ ਭਗਤ ਹੋਵੇ, ਸੱਚਾ ਭਗਤ ਹੋਵੇ ਤੇ ਸਾਧੂ ਵੀ ਹੋਵੇ, ਸੰਤ ਵੀ ਹੋਵੇ। ਫਿਰ ਉਸ ਦਾ ਹਿਰਦਾ ਵੀ ਨਿਮਰਤਾ ਵਾਲਾ ਹੋਣਾ ਚਾਹੀਦਾ ਹੈ। ਪਰ ਕਈ ਵਾਰੀ ਅੰਦਰ ਆਕੜ ਵੀ ਆ ਜਾਂਦੀ ਹੈ ਕਿ ਮੈਂ ਸਭ ਦੁਨੀਆਂ ਨਾਲੋਂ ਉੱਚਾ ਹਾਂ, ਪਰ 'ਗੁਰੂ ਦਾ ਘਰ' ਇਸ ਗੱਲ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਕਰਦਾ।

ਹਉ ਤਿਸੁ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ॥

(ਭਾਈ ਗੁਰਦਾਸ ਜੀ)

ਸੋ ਇਹ 'ਖੇੜਾ ਭਗਤ' ਦੇਵੀ ਦੀ ਯਾਤਰਾ ਕਰਨ ਜਾ ਰਿਹਾ ਸੀ ਤੇ ਰਸਤੇ ਵਿਚ 'ਗੋਇੰਦਵਾਲ ਸਾਹਿਬ' ਗੁਰਦੁਆਰਾ ਵੀ ਆਇਆ। ਸੋਚਣ ਲੱਗਾ ਕਿ ਗੁਰੂ ਜੀ ਦੇ ਦਰਸ਼ਨ ਹੀ ਕਰ ਲਵਾਂ। ਜਦੋਂ ਅੰਦਰ ਗਿਆ ਤਾਂ ਸਭ ਤੋਂ ਪਹਿਲਾਂ ਸਿੱਖਾਂ ਨੇ ਕਿਹਾ ਕਿ ਪਹਿਲਾਂ ਲੰਗਰ ਛੱਕ ਲਵੋ ਤੇ ਫਿਰ ਦਰਸ਼ਨ ਕਰਨ ਲਈ ਚੱਲੇ ਜਾਣਾ। ਪਰ ਉਹ ਤਾਂ ਥੋੜਾ ਹੰਕਾਰੀ ਸੁਭਾਅ ਦਾ ਸੀ। ਕਹਿਣ ਲੱਗਾ ਕਿ ਇਹੋ ਜਿਹੀ ਗੱਲ ਦੀ ਬਿਲਕੁਲ ਵੀ ਲੋੜ ਨਹੀਂ ਕਿ ਪਹਿਲਾਂ ਲੰਗਰ ਛਕਾਂ ਤੇ ਫਿਰ ਦਰਸ਼ਨ ਕਰਨ ਲਈ ਜਾਵਾਂ। ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਉਸ ਨੇ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਹੀ ਆਪਣੀ ਯਾਤਰਾ ਆਰੰਭ ਕਰ ਲਈ। ਜਦੋਂ ਰਾਤ ਪਈ ਤੇ ਸੁਪਨੇ ਵਿਚ ਕੀ ਦੇਖਦਾ ਹੈ ਕਿ ਬੜੀਆਂ ਭਿਆਨਕ ਚੁੜੇਲਾਂ, ਬੜੇ ਭਿਆਨਕ ਭੂਤ ਇਸ ਪੰਡਿਤ ਨੂੰ ਚੰਬੜ ਗਏ ਹਨ। ਔਰ ਜਿਸ ਵੇਲੇ ਉਸਦਾ ਸੁਪਨਾ ਟੁੱਟਿਆ ਤਾਂ ਉਹ ਡਰ ਦੇ ਮਾਰੇ ਬਹੁਤ ਹੀ ਘਬਰਾਵੇ। ਆਪਣੇ ਹੀ ਮਨ ਵਿਚ ਸੋਚਣ ਲੱਗਾ ਕਿ ਮੈਂ ਇੰਨਾ ਨਾਮ ਜਪਣ ਵਾਲਾ ਪੰਡਿਤ ਤੇ ਮੈਨੂੰ ਇੰਨਾਂ ਭੈੜਾ ਸੁਪਨਾ ਕਿਉਂ ਆਇਆ ? ਇਸੇ ਹੀ ਡਰ ਦੇ ਕਾਰਨ ਉਹ ਸੁਰਤੀ ਲਾ ਕੇ ਬੈਠ ਗਿਆ ਦੇਵੀ ਮਾਂ ਦੇ ਚਰਨਾਂ ਵਿਚ। ਕਿਉਂਕਿ ਉਹ ਦੇਵੀ ਦਾ ਭਗਤ ਸੀ। ਕਹਿਣ ਲੱਗਾ ਕਿ ਇਹ ਮੇਰੇ ਨਾਲ ਕੀ ਬੀਤਿਆ। ਇਹ ਮੈਨੂੰ ਭਿਆਨਕ ਸੁਪਨਾ ਕਿਉਂ ਆਇਆ ? ਕਿਤੇ ਇਹ ਮੇਰੇ ਨਾਲ ਹਕੀਕਤ ਵਿਚ ਤੇ ਨਹੀਂ ਬੀਤੇਗਾ। ਸੋ ਉਸ ਦੇ ਖ਼ਿਆਲਾਂ ਵਿਚ ਹੀ ਉਸ ਨੂੰ ਦੇਵੀ ਮਾਂ ਨੇ ਦਰਸ਼ਨ ਦਿੱਤੇ। ਦੇਵੀ ਮਾਂ ਕਹਿਣ ਲੱਗੀ ਕਿ ਦੁਨੀਆਂ ਦਾ ਮਾਲਿਕ ਜਿਹੜਾ ਜਗਤ ਨੂੰ ਤਾਰਨ ਆਇਆ ਹੈ। ਤੂੰ ਉਸੇ ਦੇ ਹੀ ਦਰਸ਼ਨਾਂ ਦੀ ਨਿਰਾਦਰੀ ਕਰਕੇ ਮੇਰੇ ਦਰਸ਼ਨ ਲਈ ਆ ਰਿਹਾ ਹੈਂ। ਇਸ ਦਾ ਕੋਈ ਵੀ ਲਾਭ ਤੈਨੂੰ ਨਹੀਂ ਹੋਵੇਗਾ। ਕਿਉਂਕਿ ਦੁਨੀਆਂ ਦੇ ਸਾਰੇ ਦੇਵੀ-ਦੇਵਤੇ ਉਸ ਵਾਹਿਗੁਰੂ ਨੂੰ ਨਿਵਾਜਦੇ ਹਨ। ਉਸ ਤੋਂ ਵੱਡੀ ਤਾਕਤ ਦੁਨੀਆਂ ਵਿਚ ਹੋਰ ਕੋਈ ਵੀ ਨਹੀਂ ਹੈ। ਸੋ ਸਭ ਕੁਝ ਮਨ ਵਿਚ ਪ੍ਰਗਟ ਹੁੰਦਾ ਵੇਖ ਕੇ ਉਹ ਪੰਡਿਤ ਉਸੇ ਵੇਲੇ ਹੀ ਵਾਪਿਸ ਗੋਇੰਦਵਾਲ ਸਾਹਿਬ ਨੂੰ ਮੁੜ ਗਿਆ ਔਰ ਬਾਰ-ਬਾਰ ਇਹੋ ਕਹਿੰਦਾ ਜਾ ਰਿਹਾ ਸੀ ਕਿ ਮੈਂ ਦੇਵੀ ਦੇ ਦਰਸ਼ਨ ਕਰਨ ਲਈ ਬਾਅਦ ਵਿਚ ਜਾਵਾਂਗਾ। ਸਭ ਤੋਂ ਪਹਿਲਾਂ ਜਿਸ ਜੋਤ ਰੂਪ ਵਾਹਿਗੁਰੂ ਦਾ ਮੈਂ ਨਿਰਾਦਰ ਕਰ ਕੇ ਆਇਆ ਹਾਂ, ਉਥੇ ਜਾ ਕੇ ਆਪਣੀ ਭੁੱਲ ਬਖ਼ਸ਼ਾਵਾਂਗਾ। ਜਾਂਦਿਆਂ ਹੀ ਪਹਿਲੇ ਲੰਗਰ ਛਕਿਆ ਤੇ ਫਿਰ ਸਤਿਗੁਰਾਂ ਦੇ ਦਰਸ਼ਨ ਕੀਤੇ। ਉਥੇ ਜਾ ਕੇ ਆਪਣੇ ਸਾਰੀ ਦਿਲ ਦੀ ਗੱਲ ਸੁਣਾਈ ਕਿ ਮੇਰੇ ਨਾਲ ਇਹ ਬੀਤੀ ਹੈ। ਸੋ ਵਾਹਿਗੁਰੂ ਮੇਰੇ ਤੇ ਕ੍ਰਿਪਾ ਕਰੋ, ਕਿਉਂਕਿ ਮੇਰਾ ਮਨ ਪਾਪੀ ਹੈ। ਔਰ

ਮੈਂ ਤੁਹਾਨੂੰ ਸਮਝ ਨਹੀਂ ਸਕਿਆ। ਆਪਣੇ ਹੰਕਾਰ ਦੇ ਕਾਰਨ ਮੈਂ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਹੀ ਆਪਣੀ ਯਾਤਰਾ ਨੂੰ ਪੂਰਾ ਕਰਨ ਵਾਸਤੇ ਚਲਾ ਗਿਆ। ਬਲਕਿ ਮੈਂ ਤਾਂ ਇਹ ਭੁੱਲ ਗਿਆ ਸੀ ਕਿ ਦਿਲਾਂ ਨੂੰ ਸ਼ਾਂਤ ਕਰਨ ਵਾਲੀ ਜੋਤ, ਪਾਪੀਆਂ ਦੇ ਪਾਪ ਖ਼ਤਮ ਕਰਨ ਵਾਲੀ ਜੋਤ ਸਿਰਫ ਤੁਸੀਂ ਹੀ ਹੋ।

ਸੋ ਸਾਧ ਸੰਗਤ ਜੀ ! ਇਸ ਸਾਰੀ ਵਿਆਖਿਆ ਦਾ ਅਰਥ 'ਗਿ: ਮਾਨ ਸਿੰਘ ਜੀ ਤੁਹਾਨੂੰ ਇਹੋ ਸਮਝਾਉਣਾ ਚਾਹੁੰਦੇ ਨੇ ਕਿ ਗੁਰੂ ਦੇ ਦਰ ਤੋਂ ਬਿਨਾਂ ਹੋਰ ਦੁਨੀਆਂ ਵਿਚ ਕੋਈ ਵੀ ਦਰ ਨਹੀਂ। ਕਿਉਂਕਿ ਬ੍ਰਹਿਮੰਡ ਦੇ ਸਭ ਦੇਵੀ-ਦੇਵਤੇ ਸਾਧੂ-ਸੰਤ ਸਭ ਇਥੇ ਹੀ ਨਿਵਾਜਦੇ ਹਨ। ਇਸ ਲਈ ਤੁਸੀਂ ਆਪਣੇ ਆਪ ਤੇ ਮਾਨ ਕਰਿਆ ਕਰੋ ਕਿ ਤੁਹਾਨੂੰ ਇੰਨਾ ਵੱਡਾ ਗੁਰੂ ਮਿਲਿਆ ਹੈ। ਜੋ ਕਿ ਤੁਹਾਡੇ ਕੋਲੋਂ ਕੁਝ ਮੰਗਦਾ ਨਹੀਂ, ਬਲਕਿ ਤੁਹਾਡੇ ਹੀ ਕੀਤੇ ਹੋਏ ਪਾਪਾਂ ਨੂੰ ਬਖ਼ਸ਼ਾਉਣ ਦਾ ਯਤਨ ਕਰਦਾ ਹੈ। ਸੋ ਦੁਨੀਆਂ ਵਿਚ ਸਿਰਫ ਕੰਮ ਹੀ ਨਹੀਂ ਕਰਨੇ, ਕਾਰੋਬਾਰ ਹੀ ਨਹੀਂ ਕਰਨੇ। ਬਲਕਿ ਆਪਣੇ ਗੁਰੂ ਨੂੰ ਵੀ ਯਾਦ ਕਰਨਾ ਹੈ, ਜਿਸ ਨੇ ਇਹ ਬੇਅੰਤ ਖ਼ੁਸ਼ੀਆਂ ਤੁਹਾਡੀ ਝੋਲੀ ਵਿਚ ਪਾਈਆਂ ਹਨ। ਘੱਟ ਤੋਂ ਘੱਟ ਦੋ ਘੰਟੇ ਰਾਤ ਨੂੰ ਬਾਣੀ ਪੜ੍ਹਿਆ ਕਰੋ, ਆਪਣੇ ਪਾਪ ਬਖ਼ਸ਼ਾਉਣ ਲਈ, ਆਪਣੇ ਦੁਖ ਘਟਾਉਣ ਲਈ, ਤਾਂਕਿ ਤੁਹਾਡੇ ਰੋਗ ਖ਼ਤਮ ਹੋ ਜਾਣ। ਕਿਉਂਕਿ ਅਗਰ ਰੋਜ਼ ਦਸ ਘੰਟੇ ਗੁਰੂ ਦੇ ਚਰਨਾਂ ਤੇ ਲਾਵੋਗੇ ਤਾਂ ਅੰਦਰੋਂ ਡਰ ਨਿਕਲ ਜਾਵੇਗਾ ਕਿ ਤੈਨੂੰ ਨਰਕਾਂ ਤੇ ਜਾਣਾ ਪੈਣਾ ਹੈ। ਫਿਰ ਇਸ ਜਗ੍ਹਾ ਤੇ ਤੇਰਾ ਵਾਸਾ ਬਿਲਕੁਲ ਨਹੀਂ ਹੋਵੇਗਾ। ਔਰ ਦੂਜੀ ਇਹ ਗੱਲ ਕਿ ਤੇਰੇ ਪੁੰਨ ਵੀ ਵੱਧ ਜਾਣਗੇ ਤੇ ਤੇਰੀ ਝੋਲੀ ਖ਼ੁਸ਼ੀਆਂ ਨਾਲ ਭਰ ਜਾਵੇਗੀ ਫਿਰ ਤੈਨੂੰ ਕਿਸੇ ਵੀ ਚੀਜ਼ ਦੀ ਘਾਟ ਨਹੀਂ ਰਹੇਗੀ। ਕਿਉਂਕਿ ਇੰਨਾ ਸਭ ਨੂੰ ਪੂਰਾ ਕਰਨ ਵਾਸਤੇ ਗੁਰੂ ਆਪ ਤੇਰੇ ਕੋਲ ਆ ਗਿਆ ਹੈ। ਫਿਰ ਕੋਈ ਵੀ ਡਰ ਤੇਰੇ ਨੇੜੇ ਨਹੀਂ ਆ ਸਕੇਗਾ। ਪਰ ਇਹ ਸਭ ਪ੍ਰਾਪਤ ਕਰਨ ਲਈ ਤੈਨੂੰ ਆਪਣਾ ਨਿਤਨੇਮ ਵਧਾਉਣਾ ਪਵੇਗਾ। ਔਰ ਇਹ ਨਿਤਨੇਮ ਵਧੇਗਾ ਕਿਸ ਤਰ੍ਹਾਂ ? ਗੁਰੂ ਦੀ ਅਰਾਧਨਾ ਕਰਨ ਨਾਲ, ਗੁਰੂ ਦੀ ਬਾਣੀ ਪੜ੍ਹਨ ਨਾਲ। ਕਿਉਂਕਿ ਇਸ ਬਾਣੀ ਵਿਚ ਇੰਨੀ ਕੁ ਤਾਕਤ ਹੈ ਕਿ ਭੂਤ-ਪ੍ਰੇਤ ਵੀ ਇਸ ਦੇ ਬਾਰੇ ਸੋਚਣ ਲਗਿਆਂ ਵੀ ਡਰਦੇ ਨੇ। ਪਰ ਅਗਰ ਕੋਈ ਚੰਗਾ ਬਣਨਾ ਚਾਹੇ ਤਾਂ ਗੁਰੂ ਉਸਦਾ ਨਿਰਾਦਰ ਨਹੀਂ, ਬਲਕਿ ਸਤਿਕਾਰ ਕਰਦੇ ਨੇ। ਸਿਰਫ ਗੁਰੂ ਨੂੰ ਇਕ ਵਾਰੀ ਸੱਚੇ ਦਿਲ ਨਾਲ ਅਪਣਾਉਣ ਦੀ ਦੇਰ ਹੈ, ਕਿਉਂਕਿ ਗੁਰੂ ਤਾਂ ਹਰ ਪੱਲ ਤੁਹਾਨੂੰ ਸਵਿਕਾਰ ਕਰਨ ਵਾਸਤੇ ਤਿਆਰ ਖੜ੍ਹਾ ਹੈ। ਇਹ ਹੈ ਸੱਚਾ ਗੁਰੂ, ਉਸਦੀ ੀ ਭਗਤੀ ਜਿਸ ਨੇ ਦੁਨੀਆਂ ਦਾ ਹਰ ਰੋਗ ਦੂਰ ਕਰ ਦਿੱਤਾ। ਹਰ ਜ਼ੁਲਮ ਨੂੰ ਦੂਰ ਕਰ ।। ਲੋਕਾਂ ਦੀ ਸੋਚ ਨੂੰ ਬਦਲ ਦਿੱਤਾ ਤੇ ਲੋਕਾਂ ਦੇ ਸੁਭਾਵਾਂ ਨੂੰ ਵੀ ਬਦਲ ਦਿੱਤਾ। ਇਹੋ

ਜਿਹੇ ਗੁਰੂ ਨੂੰ ਅਪਣਾਉਨ ਵਾਸਤੇ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਜੁਟ ਜਾਉ ਬਾਣੀ ਵਿਚ, ਉਸ ਦੀ ਭਗਤੀ ਵਿਚ, ਤਾਂਕਿ ਤੁਹਾਡੇ ਵਿਚਲਾ ਸ਼ੈਤਾਨ ਹਮੇਸ਼ਾਂ ਲਈ ਖ਼ਤਮ ਹੋ ਜਾਵੇ ਔਰ ਇਕ ਨਵੀਂ ਜੋਤ ਪ੍ਰਗਟ ਹੋ ਕੇ ਤੁਹਾਡੇ ਸਾਹਮਣੇ ਆਵੇ। ਜਿਸ ਦਾ ਕੇਵਲ ਇਕੋ ਹੀ ਮਕਸਦ ਤੇ ਇਕੋ ਹੀ ਉਪਦੇਸ਼ ਹੋਵੇ।

ਬਾਣੀ ਗੁਰੂ ਗੁਰੂ ਹੈ ਬਾਣੀ

(ਅੰਗ ੯੮੨)

ਭਾਵ ਕਿ ਗੁਰੂ ਦਾ ਰੂਪ ਹੀ ਬਾਣੀ ਹੈ। ਅਗਰ ਤੁਸੀਂ ਗੁਰੂ ਦੇ ਦਰਸ਼ਨ ਕਰਨੇ ਹਨ ਤਾਂ ਤੁਸੀਂ ਬਾਣੀ ਦੇ ਦਰਸ਼ਨ ਕਰ ਲਵੋ। ਤੁਹਾਨੂੰ ਗੁਰੂ ਦੀ ਪ੍ਰਾਪਤੀ ਆਪਣੇ ਆਪ ਹੀ ਹੋ ਜਾਵੇਗੀ। ਇਸੇ ਲਈ ਤਾਂ ਕਿਹਾ ਹੈ—

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥